ਸੀ ਪੀ ਪੀ–ਡਿਸਏਬਿਲਟੀ ਸਵੈ–ਮਦਦ ਲਈ ਗਾਈਡਾਂ

ਅਪੀਲਾਂ / ਦੁਬਾਰਾ ਵਿਚਾਰ ਕਰਨ ਲਈ ਬੇਨਤੀ

ਤਿਆਰ ਕਰਤਾ
ਡਿਸਏਬਿਲਟੀ ਅਲਾਇੰਸ ਬੀ ਸੀ

ਫੰਡ ਇਨ੍ਹਾਂ ਤੋਂ ਮਿਲੇ
ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ❙ ਲੀਗਲ ਸਰਵਿਸਿਜ਼ ਸੁਸਾਇਟੀ ❙ ਨੋਟਰੀ ਫਾਉਂਡੇਸ਼ਨ ਔਫ ਬੀ ਸੀ

ਸੋਧ
ਜਨਵਰੀ 2021

ਵਿਸ਼ਾ–ਵਸਤੂ

ਸੀ ਪੀ ਪੀ ਬਾਰੇ....3
ਸੀ ਪੀ ਪੀ–ਡੀ ਲਈ ਯੋਗ ਹੋਣਾ....3
ਸੀ ਪੀ ਪੀ–ਡੀ ਲਈ ਅਪੀਲ ਦੀ ਕਾਰਵਾਈ....4
ਦੁਬਾਰਾ ਵਿਚਾਰ ਕਰਨ ਲਈ ਬੇਨਤੀ: ਆਮ ਜਾਣਕਾਰੀ....4
ਨਾਂਹ ਦੀ ਚਿੱਠੀ: ਉਹ ਕਾਰਨ ਜਿਨ੍ਹਾਂ ਕਰਕੇ ਲੋਕਾਂ ਨੂੰ ਸੀ ਪੀ ਪੀ–ਡੀ ਤੋਂ ਨਾਂਹ ਕੀਤੀ ਜਾਂਦੀ ਹੈ....5
- ਡਿਸਏਬਿਲਟੀ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਨਹੀਂ ਹੈ....5
- ਕਾਫੀ ਯੋਗਦਾਨ ਨਾ ਪਾਇਆ ਹੋਣਾ....6
- ਲੇਟ ਅਰਜ਼ੀਕਰਤਾ....6

ਦੁਬਾਰਾ ਵਿਚਾਰ ਲਈ ਆਪਣੀ ਬੇਨਤੀ ਸ਼ੁਰੂ ਕਰਨਾ....7
- ਕਦਮ 1 | ਈ ਐੱਸ ਡੀ ਸੀ ਨੂੰ ਲਿਖਣਾ....7
- ਕਦਮ 2 | ਆਪਣੀ ਫਾਇਲ ਮੰਗਣਾ....8
- ਕਦਮ 3 | ਤੁਹਾਡੀ ਫਾਇਲ 'ਤੇ ਦੁਬਾਰਾ ਵਿਚਾਰ ਕਰਨਾ....9
- ਕਦਮ 4 | ਆਪਣਾ ਕੇਸ ਪੇਸ਼ ਕਰਨਾ....9
- ਕਦਮ 5 | ਮੈਡੀਕਲ ਚਿੱਠੀਆਂ ਲੈਣਾ....11
- ਕਦਮ 6 | ਮਦਦ ਕਰਨ ਵਾਲੇ ਹੋਰ ਪੇਪਰ ਅਤੇ ਤੁਹਾਡੀ ਆਪਣੀ ਚਿੱਠੀ....12
- ਕਦਮ 7 | ਦੁਬਾਰਾ ਵਿਚਾਰ ਲਈ ਆਪਣੀ ਜਾਣਕਾਰੀ ਨੂੰ ਇਕੱਤਰ ਕਰਨਾ....13

ਆਪਣੀ ਬੇਨਤੀ ਭੇਜਣ ਤੋਂ ਬਾਅਦ....14
- ਜੇ ਦੁਬਾਰਾ ਵਿਚਾਰ ਲਈ ਤੁਹਾਡੀ ਬੇਨਤੀ ਕਾਮਯਾਬ ਹੋ ਜਾਂਦੀ ਹੈ....15
- ਜੇ ਦੁਬਾਰਾ ਵਿਚਾਰ ਲਈ ਤੁਹਾਡੀ ਬੇਨਤੀ ਕਾਮਯਾਬ ਨਹੀਂ ਹੁੰਦੀ ਹੈ....15

ਅੰਤਿਕਾ ਏ | ਸੀ ਪੀ ਪੀ–ਡੀ ਲਈ ਯੋਗ ਹੋਣ ਲਈ ਲੋੜੀਂਦੇ ਯੋਗਦਾਨ....16
ਅੰਤਿਕਾ ਬੀ | ਡਿਸਏਬਿਲਟੀ ਦੀ ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਾ....18
ਅੰਤਿਕਾ ਸੀ | ਸੰਪਰਕ ਅਤੇ ਵਸੀਲੇ....19
ਅੰਤਿਕਾ ਡੀ | ਆਪਣੇ ਡਾਕਟਰ (ਡਾਕਟਰਾਂ) ਨੂੰ ਚਿੱਠੀ....20
ਅੰਤਿਕਾ ਈ | ਹਿਮਾਇਤ ਕਰਨ ਵਾਲੇ ਵਸੀਲੇ....21

ਡਿਸਏਬਿਲਟੀ ਅਲਾਇੰਸ ਬੀ ਸੀ ਦੇ ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਪ੍ਰੋਗਰਾਮ ਵਲੋਂ ਤਿਆਰ ਕੀਤੀ ਗਈ। ਇਸ ਲੜੀ ਲਈ ਫੰਡ ਦੇਣ ਵਾਸਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ, ਲੀਗਲ ਸਰਵਿਸਿਜ਼ ਸੁਸਾਇਟੀ ਅਤੇ ਨੋਟਰੀ ਫਾਉਂਡੇਸ਼ਨ ਔਫ ਬੀ ਸੀ ਦਾ ਧੰਨਵਾਦ।

Disability Alliance BC
204-456 W. Broadway, Vancouver, BC V5Y 1R3
ਟੈਲੀਫੋਨ: 604-872-1278 | ਟੋਲ ਫ੍ਰੀ 1-800-663-1278
ਫੈਕਸ 604-875-9227
www.disabilityalliancebc.org

dabc disability alliance bc | we are all connected

ਸੀ ਪੀ ਪੀ ਡਿਸਏਬਿਲਟੀ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
www.disabilityalliancebc.org/publications/.

■ **ਇਸ ਗਾਈਡ ਵਿਚਲੀ ਜਾਣਕਾਰੀ ਉਸ ਕਾਨੂੰਨ 'ਤੇ ਆਧਾਰਿਤ ਹੈ ਜਿਹੜਾ ਇਸ ਨੂੰ ਲਿਖਣ ਦੇ ਸਮੇਂ ਸੀ। ਕਾਨੂੰਨ ਅਤੇ ਪਾਲਸੀ ਕਦੇ ਵੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਗਾਈਡ 'ਤੇ ਤਾਰੀਕ ਚੈੱਕ ਕਰੋ।**

ਜੇ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਬੈਨੇਫਿਟਸ (ਸੀ ਪੀ ਪੀ –ਡੀ) ਲਈ ਤੁਹਾਡੀ ਐਪਲੀਕੇਸ਼ਨ ਨਾਮਨਜ਼ੂਰ ਕਰ ਦਿੱਤੀ ਗਈ ਹੈ ਤਾਂ ਤੁਹਾਨੂੰ ਅਪੀਲ ਕਰਨ ਦਾ ਹੱਕ ਹੈ। ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੇ ਸਵੈ–ਮਦਦ ਕਰਨ ਵਾਲੀ ਇਹ ਗਾਈਡ ਸੀ ਪੀ ਪੀ –ਡੀ ਲਈ ਅਪੀਲ ਦੀ ਕਾਰਵਾਈ ਦੇ ਪਹਿਲੇ ਪੱਧਰ: ਦੁਬਾਰਾ ਵਿਚਾਰ ਕਰਨ ਲਈ ਬੇਨਤੀ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ। ਜੇ ਤੁਹਾਡੀ ਦੁਬਾਰਾ ਵਿਚਾਰ ਕਰਨ ਲਈ ਬੇਨਤੀ (ਰਿਕੁਐਸਟ ਫਾਰ ਰੀਕੌਂਨਸਿਡਰੇਸ਼ਨ) ਨਾਮਨਜ਼ੂਰ ਕਰ ਦਿੱਤੀ ਗਈ ਹੈ ਤਾਂ ਕਿਰਪਾ ਕਰਕੇ ਸਾਡੀ ਸੀ ਪੀ ਪੀ ਡਿਸਏਬਿਲਟੀ ਬਾਰੇ ਜਾਣਕਾਰੀ ਦੇਣ ਵਾਲੀ ਅਤੇ ਮਦਦ ਕਰਨ ਵਾਲੀ ਲਿਖਤ "ਸੋਸ਼ਲ ਸਕਿਉਰਟੀ ਟ੍ਰਿਬਿਊਨਲ: ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਅਪੀਲਾਂ ਲਈ ਸਵੈ–ਮਦਦ ਕਰਨ ਵਾਲੀ ਗਾਈਡ" ਦੇਖੋ।

ਸੀ ਪੀ ਪੀ ਬਾਰੇ

ਕੈਨੇਡਾ ਪੈਨਸ਼ਨ ਪਲੈਨ ਦਾ ਪ੍ਰਬੰਧ ਫੈਡਰਲ ਸਰਕਾਰ ਵਲੋਂ ਚਲਾਇਆ ਜਾਂਦਾ ਹੈ। ਸੀ ਪੀ ਪੀ ਲਈ ਜ਼ਿੰਮੇਵਾਰ ਵਿਭਾਗ ਇਮਪਲੌਏਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ) ਹੈ।

ਸੀ ਪੀ ਪੀ ਕਿਊਬੈਕ ਤੋਂ ਬਿਨਾਂ ਬਾਕੀ ਹਰ ਸੂਬੇ ਵਿਚ ਚੱਲਦੀ ਹੈ, ਜਿੱਥੇ ਇਸ ਤਰ੍ਹਾਂ ਦਾ ਹੀ ਇਕ ਹੋਰ ਪ੍ਰੋਗਰਾਮ ਹੈ ਜਿਸ ਨੂੰ ਕਿਊਬੈਕ ਪੈਨਸ਼ਨ ਪਲੈਨ ਆਖਿਆ ਜਾਂਦਾ ਹੈ। ਸੀ ਪੀ ਪੀ ਬਾਰੇ ਕਾਨੂੰਨ ਕਈ ਵੱਖ ਵੱਖ ਭੱਤੇ (ਬੈਨੇਫਿਟਸ) ਪ੍ਰਦਾਨ ਕਰਦਾ ਹੈ ਜਿਸ ਵਿਚ ਸ਼ਾਮਲ ਹਨ:

- ਡਿਸਏਬਿਲਟੀ ਬੈਨੇਫਿਟਸ (ਸੀ ਪੀ ਪੀ–ਡੀ)
- ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਲੈ ਰਹੇ ਲੋਕਾਂ ਦੇ ਬੱਚਿਆਂ ਲਈ ਬੈਨੇਫਿਟਸ (ਭੱਤੇ)
- ਰਿਟਾਇਰਮੈਂਟ ਪੈਨਸ਼ਨਜ਼
- ਡੈੱਥ ਬੈਨੇਫਿਟਸ
- ਸਰਵਾਈਵਰਜ਼ ਬੈਨੇਫਿਟਸ
- ਮ੍ਰਿਤਕ ਯੋਗਦਾਨੀਆਂ ਦੇ ਬੱਚਿਆਂ ਲਈ ਬੈਨੇਫਿਟਸ

ਨੋਟ | ਇਹ ਗਾਈਡ ਸਿਰਫ ਸੀ ਪੀ ਪੀ–ਡੀ ਬੈਨੇਫਿਟਸ (ਭੱਤਿਆਂ) ਬਾਰੇ ਦੱਸਦੀ ਹੈ।

ਸੀ ਪੀ ਪੀ–ਡੀ ਲਈ ਯੋਗ ਹੋਣਾ

ਸੀ ਪੀ ਪੀ–ਡੀ ਦੇ ਯੋਗ ਹੋਣ ਲਈ ਤੁਹਾਨੂੰ ਤਿੰਨ ਮੁਢਲੇ ਮਾਪਦੰਡ ਪੂਰੇ ਕਰਨ ਦੀ ਲੋੜ ਹੈ। ਤੁਹਾਡੇ ਲਈ ਇਹ ਜ਼ਰੂਰੀ ਹੈ:

- 65 ਸਾਲ ਤੋਂ ਘੱਟ ਉਮਰ ਦੇ ਹੋਣਾ
- ਡਿਸਏਬਲ (ਅਪਾਹਜ) ਹੋਣ ਤੋਂ ਪਹਿਲਾਂ ਦੇ ਸਾਲਾਂ ਵਿਚ ਸੀ ਪੀ ਪੀ ਵਿਚ ਯੋਗਦਾਨ ਦੀ ਲੋੜੀਂਦੀ ਮਾਤਰਾ ਪਾਉਣ ਵਾਲੇ ਹੋਣਾ। ਉਦਾਹਰਣ ਲਈ, ਜੇ ਈ ਐੱਸ ਡੀ ਸੀ ਇਹ ਫੈਸਲਾ ਕਰਦੀ ਹੈ ਕਿ ਤੁਸੀਂ 1 ਜਨਵਰੀ 1998 ਨੂੰ ਜਾਂ ਇਸ ਤੋਂ ਬਾਅਦ ਡਿਸਏਬਲ ਹੋਏ ਹੋ ਤਾਂ ਤੁਹਾਡੇ ਲਈ ਡਿਸਏਬਲ ਹੋਣ ਤੋਂ ਪਹਿਲਾਂ ਦੇ ਛੇ ਸਾਲਾਂ ਵਿਚ ਚਾਰ ਸਾਲ ਕੰਮ ਕੀਤਾ ਅਤੇ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ (ਯੋਗਦਾਨਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਇਸ ਗਾਈਡ ਦੇ ਸਫ਼ਾ 15 'ਤੇ ਅੰਤਿਕਾ ਏ ਦੇਖੋ)
- ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਤ ਕੀਤੇ ਗਏ ਮੁਤਾਬਕ ਡਿਸਏਬਿਲਟੀ "ਸਖਤ ਅਤੇ ਲੰਮੇ ਸਮੇਂ" ਲਈ ਹੋਣਾ ਜ਼ਰੂਰੀ ਹੈ। ਸੀ ਪੀ ਪੀ ਦਾ ਕਾਨੂੰਨ "ਸਖਤ" ਡਿਸਏਬਿਲਟੀ ਨੂੰ ਉਸ ਡਿਸਏਬਿਲਟੀ ਵਜੋਂ ਪਰਿਭਾਸ਼ਤ ਕਰਦਾ ਹੈ ਜਿਹੜੀ "ਕਿਸੇ ਵਿਅਕਤੀ ਨੂੰ ਕੋਈ ਚੋਖਾ ਲਾਭਦਾਇਕ ਕੰਮ ਨੇਮ ਨਾਲ ਕਰਨ ਦੇ ਅਯੋਗ ਬਣਾਉਂਦੀ ਹੈ।" "ਲੰਮੀ" ਡਿਸਏਬਿਲਟੀ ਉਹ ਹੈ ਜਿਸ ਦੇ "ਲੰਮਾ ਸਮਾਂ ਅਤੇ ਅਨਿਸ਼ਚਤ ਸਮੇਂ ਲਈ ਜਾਰੀ ਰਹਿਣ ਦੀ ਸੰਭਾਵਨਾ ਹੈ ਜਾਂ ਜਿਸ ਦਾ ਨਤੀਜਾ ਮੌਤ ਹੋਣ ਵਿਚ ਨਿਕਲਣ ਦੀ ਸੰਭਾਵਨਾ ਹੈ...." (ਡਿਸਏਬਿਲਟੀ ਦੀ ਸੀ ਪੀ ਪੀ ਡੀ ਦੀ ਪਰਿਭਾਸ਼ਾ ਦੇ ਨਿਸ਼ਚਿਤ ਸ਼ਬਦਾਂ ਲਈ ਕਿਰਪਾ ਕਰਕੇ ਇਸ ਗਾਈਡ ਦੀ ਅੰਤਿਕਾ ਬੀ ਦੇਖੋ)।

ਸੀ ਪੀ ਪੀ–ਡੀ ਲਈ ਅਪੀਲ ਦੀ ਕਾਰਵਾਈ

ਪੱਧਰ 1	ਪੱਧਰ 2	ਪੱਧਰ 3
ਰੀਕੌਨਸਿਡਰੇਸ਼ਨ ਅਪੀਲ ਕਰਨ ਲਈ: ਈ ਐੱਸ ਡੀ ਸੀ ਤੋਂ ਆਪਣੀ ਨਾਂਹ ਦੀ ਚਿੱਠੀ ਮਿਲਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਈ ਐੱਸ ਡੀ ਸੀ ਨੂੰ ਲਿਖੋ।	**ਸੋਸ਼ਲ ਸਕਿਉਰਟੀ ਟ੍ਰਿਬਿਊਨਲ – ਜਨਰਲ ਡਿਵੀਜ਼ਨ ਕੋਲ ਅਪੀਲ** ਈ ਐੱਸ ਡੀ ਸੀ ਤੋਂ ਆਪਣੀ ਨਾਂਹ ਦੀ ਚਿੱਠੀ ਮਿਲਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਐੱਸ ਐੱਸ ਟੀ ਜਨਰਲ ਡਿਵੀਜ਼ਨ ਕੋਲ ਨੋਟਿਸ ਔਫ ਅਪੀਲ ਫਾਰਮ ਦਰਜ ਕਰਵਾਉ।	**ਸੋਸ਼ਲ ਸਕਿਉਰਟੀ ਟ੍ਰਿਬਿਊਨਲ – ਅਪੀਲਜ਼ ਡਿਵੀਜ਼ਨ ਕੋਲ ਅਪੀਲ** ਜਨਰਲ ਡਿਵੀਜ਼ਨ ਤੋਂ ਫੈਸਲਾ ਮਿਲਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਐੱਸ ਐੱਸ ਟੀ ਅਪੀਲਜ਼ ਡਿਵੀਜ਼ਨ ਕੋਲ ਐਪਲੀਕੇਸ਼ਨ ਰਿਕੁਐਸਟਿੰਗ ਲੀਵ (ਪਰਮਿਸ਼ਨ) ਟੂ ਅਪੀਲ ਫਾਰਮ ਦਰਜ ਕਰਵਾਉ।

ਦੁਬਾਰਾ ਵਿਚਾਰ ਕਰਨ ਲਈ ਬੇਨਤੀ: ਆਮ ਜਾਣਕਾਰੀ

ਜਿਵੇਂ ਕਿ ਤੁਸੀਂ ਉਪਰਲੇ ਖਾਕੇ ਤੋਂ ਦੇਖ ਸਕਦੇ ਹੋ, ਜੇ ਈ ਐੱਸ ਡੀ ਸੀ ਤੁਹਾਡੀ ਸੀ ਪੀ ਪੀ–ਡੀ ਲਈ ਐਪਲੀਕੇਸ਼ਨ ਨਾਮਨਜ਼ੂਰ ਕਰ ਦਿੰਦੀ ਹੈ ਤਾਂ ਤੁਹਾਡੇ ਕੋਲ ਈ ਐੱਸ ਡੀ ਸੀ ਨੂੰ ਇਹ ਲਿਖ ਕੇ ਦੱਸਣ ਲਈ 90 ਦਿਨ ਹਨ ਕਿ ਤੁਸੀਂ ਚਾਹੁੰਦੇ ਹੋ ਕਿ ਉਹ ਆਪਣੇ ਫੈਸਲੇ 'ਤੇ ਦੁਬਾਰਾ ਵਿਚਾਰ ਕਰਨ। 90 ਦਿਨ ਉਸ ਦਿਨ ਤੋਂ ਸ਼ੁਰੂ ਹੁੰਦੇ ਹਨ ਜਦੋਂ ਤੁਹਾਨੂੰ ਇਹ ਦੱਸਣ ਵਾਲੀ ਚਿੱਠੀ ਮਿਲੀ ਹੈ ਕਿ ਤੁਹਾਡੀ ਸੀ ਪੀ ਪੀ–ਡੀ ਲਈ ਐਪਲੀਕੇਸ਼ਨ ਨਾਮਨਜ਼ੂਰ ਕਰ ਦਿੱਤੀ ਗਈ ਹੈ।

ਦੁਬਾਰਾ ਵਿਚਾਰ ਕਰਨ ਬਾਰੇ ਤੁਹਾਡੇ ਕੇਸ ਦੀ ਪੜਚੋਲ ਕਰਨ ਵਾਲਾ ਵਿਅਕਤੀ ਉਹ ਨਹੀਂ ਹੋਵੇਗਾ ਜਿਸ ਨੇ ਤੁਹਾਡੀ ਐਪਲੀਕੇਸ਼ਨ ਨਾਮਨਜ਼ੂਰ ਕੀਤੀ ਸੀ।

ਦੁਬਾਰਾ ਵਿਚਾਰ (ਰੀਕੌਨਸਿਡਰੇਸ਼ਨ) ਹੋਣ ਵੇਲੇ ਤੁਸੀਂ ਨਵੀਂ ਜਾਣਕਾਰੀ ਦੇ ਸਕਦੇ ਹੋ ਜਿਹੜੀ ਤੁਹਾਡੇ ਖਿਆਲ ਮੁਤਾਬਕ ਤੁਹਾਡੇ ਕੇਸ ਵਿਚ ਮਦਦ ਕਰੇਗੀ। ਇਸ ਵਿਚ ਤੁਹਾਡੇ ਡਾਕਟਰ ਅਤੇ ਹੋਰ ਸਿਹਤ ਮਾਹਰਾਂ ਤੋਂ ਚਿੱਠੀਆਂ ਸ਼ਾਮਲ ਹੋ ਸਕਦੀਆਂ ਹਨ ਜਿਹੜੀਆਂ ਤੁਹਾਡੀ ਐਪਲੀਕੇਸ਼ਨ ਨਾਮਨਜ਼ੂਰ ਕੀਤੇ ਜਾਣ ਦੇ ਕਾਰਨਾਂ ਬਾਰੇ ਗੱਲ ਕਰਦੀਆਂ ਹਨ। ਤੁਸੀਂ ਪਰਿਵਾਰ ਜਾਂ ਦੋਸਤਾਂ ਤੋਂ ਚਿੱਠੀਆਂ ਵੀ ਸ਼ਾਮਲ ਕਰ ਸਕਦੇ ਹੋ ਜਿਹੜੇ ਤੁਹਾਡੀ ਮੈਡੀਕਲ ਹਾਲਤ ਤੋਂ ਜਾਣੂ ਹਨ, ਭਾਵੇਂ ਕਿ ਇਨ੍ਹਾਂ ਦਾ ਮੈਡੀਕਲ ਮਾਹਰਾਂ ਤੋਂ ਮਿਲੀਆਂ ਚਿੱਠੀਆਂ ਜਿੰਨਾ ਮਹੱਤਵ ਨਹੀਂ ਹੋਵੇਗਾ। ਈ ਐੱਸ ਡੀ ਸੀ ਹੋਰ ਮੈਡੀਕਲ ਜਾਣਕਾਰੀ ਵੀ ਮੰਗ ਸਕਦੀ ਹੈ ਜਾਂ ਤੁਹਾਨੂੰ ਕਿਸੇ ਹੋਰ ਡਾਕਟਰ ਕੋਲ ਜਾਣ ਲਈ ਕਹਿ ਸਕਦੀ ਹੈ। ਦੁਬਾਰਾ ਵਿਚਾਰ ਕਰਨ ਦੇ ਰਿਵੀਊ ਨੂੰ ਕਈ ਮਹੀਨੇ ਲੱਗ ਸਕਦੇ ਹਨ।

ਈ ਐੱਸ ਡੀ ਸੀ ਵੀ ਦੁਬਾਰਾ ਵਿਚਾਰ ਕਰਨ ਲਈ ਬੇਨਤੀ 'ਤੇ ਆਪਣਾ ਫੈਸਲਾ ਕਰਨ ਲਈ ਕਈ ਮਹੀਨੇ ਲਾ ਸਕਦੀ ਹੈ। ਜੇ ਤੁਸੀਂ ਦੁਬਾਰਾ ਵਿਚਾਰ ਕਰਨ ਲਈ ਬੇਨਤੀ 'ਤੇ ਕਾਮਯਾਬ ਹੋ ਜਾਂਦੇ ਹੋ, ਅਤੇ ਤੁਹਾਨੂੰ ਕੀਤੀ ਗਈ ਨਾਂਹ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਉੱਕਾ ਪੁੱਕਾ ਪੇਮੈਂਟ ਅਤੇ ਇਸ ਦੇ ਨਾਲ ਮਹੀਨਾਵਾਰ ਸੀ ਪੀ ਪੀ–ਡੀ ਬੈਨੇਫਿਟਸ (ਭੱਤੇ) ਮਿਲਣੇ ਚਾਹੀਦੇ ਹਨ।

ਨਾਂਹ ਦੀ ਚਿੱਠੀ: ਉਹ ਕਾਰਨ ਜਿਨ੍ਹਾਂ ਕਰਕੇ ਲੋਕਾਂ ਨੂੰ ਸੀ ਪੀ ਪੀ–ਡੀ ਤੋਂ ਨਾਂਹ ਕੀਤੀ ਜਾਂਦੀ ਹੈ

ਦੁਬਾਰਾ ਵਿਚਾਰ ਕਰਨ ਲਈ ਆਪਣੀ ਬੇਨਤੀ ਤਿਆਰ ਕਰਨ ਤੋਂ ਪਹਿਲਾਂ, ਇਹ ਬਹੁਤ ਮਹੱਤਵਪੂਰਨ ਹੈ ਕਿ ਤੁਹਾਨੂੰ ਇਸ ਗੱਲ ਦੀ ਸਪਸ਼ਟ ਸਮਝ ਹੋਵੇ ਕਿ ਈ ਐੱਸ ਡੀ ਸੀ ਨੇ ਤੁਹਾਡੀ ਐਪਲੀਕੇਸ਼ਨ ਨਾਮਨਜ਼ੂਰ ਕਿਉਂ ਕੀਤੀ ਹੈ। ਈ ਐੱਸ ਡੀ ਸੀ ਦੀ ਨਾਂਹ ਦੀ ਚਿੱਠੀ ਨੂੰ ਧਿਆਨ ਨਾਲ ਪੜ੍ਹੋ, ਓਨੀ ਵਾਰੀ ਜਿੰਨੀ ਵਾਰੀ ਤੁਹਾਨੂੰ ਪੜ੍ਹਨ ਦੀ ਲੋੜ ਹੋਵੇ। ਅਤੇ, ਜੇ ਤੁਸੀਂ ਇਹ ਸੋਚਦੇ ਹੋਵੋ ਕਿ ਇਹ ਤੁਹਾਡੀ ਮਦਦ ਕਰੇਗਾ, ਜੋ ਚਿੱਠੀ ਕਹਿੰਦੀ ਹੈ ਉਸ ਬਾਰੇ ਕੁਝ ਨੋਟਸ ਬਣਾਉ।

ਜਿਵੇਂ ਕਿ ਪਹਿਲੇ ਭਾਗਾਂ ਵਿਚ ਜ਼ਿਕਰ ਕੀਤਾ ਗਿਆ ਹੈ, ਸੀ ਪੀ ਪੀ–ਡੀ ਦੇ ਯੋਗ ਹੋਣ ਲਈ ਤੁਹਾਡਾ 65 ਸਾਲ ਦੀ ਉਮਰ ਤੋਂ ਥੱਲੇ ਹੋਣਾ, ਲੋੜੀਂਦੀ ਮਾਤਰਾ ਵਿਚ ਯੋਗਦਾਨ ਪਾਏ ਹੋਣਾ ਅਤੇ ਤੁਹਾਨੂੰ ਅਜਿਹੀ ਡਿਸਏਬਿਲਟੀ ਹੋਣਾ ਜ਼ਰੂਰੀ ਹੈ ਜਿਹੜੀ ਸਖਤ ਅਤੇ ਲੰਮੇ ਸਮੇਂ ਲਈ ਹੈ ਜਿਵੇਂ ਕਿ ਸੀ ਪੀ ਪੀ ਵਿਚ ਪਰਿਭਾਸ਼ਾ ਦਿੱਤੀ ਗਈ ਹੈ। ਈ ਐੱਸ ਡੀ ਸੀ ਤੋਂ ਆਈ ਜਿਹੜੀ ਚਿੱਠੀ ਤੁਹਾਨੂੰ ਦੱਸਦੀ ਹੈ ਕਿ ਤੁਹਾਡੀ ਐਪਲੀਕੇਸ਼ਨ ਨਾਮਨਜ਼ੂਰ ਕਰ ਦਿੱਤੀ ਗਈ ਹੈ, ਉਹ ਚਿੱਠੀ ਤੁਹਾਨੂੰ ਉਨ੍ਹਾਂ ਖਾਸ ਕਾਰਨਾਂ ਬਾਰੇ ਦੱਸੇਗੀ ਕਿ ਵਿਭਾਗ ਨੇ ਇਹ ਫੈਸਲਾ ਕਿਉਂ ਕੀਤਾ ਹੈ ਕਿ ਤੁਸੀਂ ਯੋਗ ਨਹੀਂ ਹੋ।

ਨਾਂਹ ਦੀ ਚਿੱਠੀ ਆਮ ਤੌਰ 'ਤੇ ਉਨ੍ਹਾਂ ਮੈਡੀਕਲ ਰਿਪੋਰਟਾਂ, ਡਾਕਟਰਾਂ ਦੀ ਰਾਇ ਅਤੇ ਹੋਰ ਡਾਕੂਮੈਂਟਸ ਦਾ ਹਵਾਲਾ ਦੇਵੇਗੀ ਜਿਨ੍ਹਾਂ 'ਤੇ ਈ ਐੱਸ ਡੀ ਸੀ ਨੇ ਵਿਚਾਰ ਕੀਤੀ ਹੈ। ਚਿੱਠੀ ਵਿਚ, ਈ ਐੱਸ ਡੀ ਸੀ ਆਮ ਤੌਰ 'ਤੇ ਇਹ ਬਿਆਨ ਕਰੇਗੀ ਕਿ ਆਪਣੇ ਫੈਸਲੇ 'ਤੇ ਪਹੁੰਚਣ ਲਈ ਇਸ ਨੇ ਕਿਹੜੀ ਜਾਣਕਾਰੀ ਵਰਤੀ ਹੈ। ਤੁਹਾਡੀ ਨਾਂਹ ਦੀ ਚਿੱਠੀ ਨਾਲ ਇਸ ਸਿਰਲੇਖ ਵਾਲੀ ਇਕ ਜਾਣਕਾਰੀ ਸ਼ੀਟ ਵੀ ਸ਼ਾਮਲ ਹੋਵੇਗੀ: ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਡਿਸਏਬਿਲਟੀ ਨੂੰ ਆਪਣੇ ਫੈਸਲੇ 'ਤੇ ਦੁਬਾਰਾ ਵਿਚਾਰ ਕਰਨ ਲਈ ਕਿਵੇਂ ਕਹਿਣਾ ਹੈ।

ਡਿਸਏਬਿਲਟੀ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਨਹੀਂ ਹੈ

ਲੋਕਾਂ ਨੂੰ ਸੀ ਪੀ ਪੀ–ਡੀ ਤੋਂ ਨਾਂਹ ਕਰਨ ਦਾ ਸਭ ਤੋਂ ਆਮ ਕਾਰਨ ਇਹ ਹੈ ਕਿ ਈ ਐੱਸ ਡੀ ਸੀ ਇਹ ਵਿਸ਼ਵਾਸ ਨਹੀਂ ਕਰਦੀ ਕਿ ਅਰਜ਼ੀਕਰਤਾ ਦੀ ਡਿਸਏਬਿਲਟੀ ਕਾਫੀ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਹੈ। ਕਿਸੇ ਅਰਜ਼ੀਕਰਤਾ ਨੂੰ ਸੀ ਪੀ ਪੀ–ਡੀ ਤੋਂ ਨਾਂਹ ਕਰਨ ਦੀ ਆਮ ਚਿੱਠੀ ਇਹ ਕਹੇਗੀ:

"ਤੁਹਾਨੂੰ ਅਜਿਹੀ ਡਿਸਏਬਿਲਟੀ ਨਹੀਂ ਹੈ ਜਿਹੜੀ **ਸਖਤ** ਅਤੇ **ਲੰਮਾ ਸਮਾਂ** ਰਹਿਣ ਵਾਲੀ ਹੈ ਜਿਵੇਂ ਕਿ ਸੀ ਪੀ ਪੀ ਦੇ ਕਾਨੂੰਨ ਹੇਠ ਪਰਿਭਾਸ਼ਾ ਦਿੱਤੀ ਗਈ ਹੈ।"

ਸਖਤ (ਸਵੀਅਰ)

ਇਸ ਗਾਈਡ ਦੇ ਅੰਤਿਕਾ ਬੀ ਵਿਚ, ਤੁਸੀਂ ਦੇਖੋਗੇ ਕਿ ਸੀ ਪੀ ਪੀ–ਡੀ ਦੀ ਪਰਿਭਾਸ਼ਾ ਇਹ ਕਹਿੰਦੀ ਹੈ ਕਿ ਕਿਸੇ ਵਿਅਕਤੀ ਦੀ ਡਿਸਏਬਿਲਟੀ ਉਦੋਂ ਸਖਤ (ਸਵੀਅਰ) ਹੁੰਦੀ ਹੈ ਜਦੋਂ ਉਹ ਵਿਅਕਤੀ "ਕੋਈ ਚੋਖਾ ਲਾਭਦਾਇਕ ਕੰਮ ਨੇਮ ਨਾਲ ਕਰਨ ਦੇ ਅਯੋਗ ਹੁੰਦਾ ਹੈ।" ਦੂਜੇ ਸ਼ਬਦਾਂ ਵਿਚ, ਤੁਹਾਡੇ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਤੁਹਾਡੀ ਮੈਡੀਕਲ ਹਾਲਤ ਇੰਨੀ ਸਖਤ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਗੁਜ਼ਰ ਕਰਨ ਲਈ ਕਿਸੇ ਵੀ ਜੌਬ 'ਤੇ ਨੇਮ ਨਾਲ ਕੰਮ ਨਹੀਂ ਕਰ ਸਕਦੇ।

ਕਿਸੇ ਨੂੰ ਇਹ ਦੱਸਣ ਵਾਲੀ ਨਾਂਹ ਦੀ ਚਿੱਠੀ ਕਿ ਉਸ ਦੀ ਡਿਸਏਬਿਲਟੀ ਇੰਨੀ ਸਖਤ ਨਹੀਂ ਹੈ ਕਿ ਇਹ ਉਸ ਨੂੰ ਕੰਮ ਕਰਨ ਤੋਂ ਰੋਕਦੀ ਹੈ, ਇਸ ਤਰ੍ਹਾਂ ਦਾ ਕੁਝ ਕਹਿ ਸਕਦੀ ਹੈ:

ਭਾਵੇਂ ਕਿ ਤੁਸੀਂ ਵੈਲਡਰ ਦੇ ਤੌਰ 'ਤੇ ਆਪਣਾ ਕੰਮ ਕਰਨ ਦੇ ਯੋਗ ਨਹੀਂ ਹੋ ਸਕਦੇ ਹੋ, ਪਰ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਤੁਸੀਂ ਅਜੇ ਵੀ ਕਿਸੇ ਕਿਸਮ ਦਾ ਕੰਮ ਕਰਨ ਦੇ ਯੋਗ ਹੋ ਸਕਦੇ ਹੋ। ਅਸੀਂ ਇਹ ਸਮਝਦੇ ਹਾਂ ਕਿ ਤੁਹਾਡੀਆਂ ਸੀਮਾਵਾਂ ਹਨ। ਪਰ, ਅਸੀਂ ਇਹ ਨਿਸ਼ਚਿਤ ਕੀਤਾ ਹੈ ਕਿ ਜਾਣਕਾਰੀ ਇਹ ਨਹੀਂ ਦਿਖਾਉਂਦੀ ਹੈ ਕਿ ਤੁਹਾਡੀਆਂ ਸੀਮਾਵਾਂ ਤੁਹਾਨੂੰ ਕਿਸੇ ਕਿਸਮ ਦਾ ਕੋਈ ਕੰਮ ਕਰਨ ਤੋਂ ਰੋਕਦੀਆਂ ਹਨ।

ਇਸ ਦਾ ਮਤਲਬ ਹੈ ਕਿ ਸਬੂਤਾਂ 'ਤੇ ਵਿਚਾਰ ਕਰਨ ਤੋਂ ਬਾਅਦ, ਈ ਐੱਸ ਡੀ ਸੀ ਨੇ ਇਹ ਫੈਸਲਾ ਕੀਤਾ ਹੈ ਕਿ ਭਾਵੇਂ ਕਿ ਵਿਅਕਤੀ ਆਪਣਾ ਪਹਿਲਾ ਕੰਮ ਨਹੀਂ ਕਰ ਸਕਦਾ, ਉਹ ਅਜੇ ਵੀ ਕਿਸੇ ਕਿਸਮ ਦਾ ਕੰਮ ਕਰਨ ਦੇ ਯੋਗ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ, ਉਸ ਦੀ ਡਿਸਏਬਿਲਟੀ ਲੰਮੇ ਸਮੇਂ ਲਈ ਹੋ ਸਕਦੀ ਹੈ, ਪਰ ਇਹ ਸੀ ਪੀ ਪੀ–ਡੀ ਦੇ ਯੋਗ ਹੋਣ ਜਿੰਨੀ ਸਖਤ ਨਹੀਂ ਹੈ।

ਇਹ ਗੱਲ ਮਨ ਵਿਚ ਰੱਖੋ ਕਿ ਈ ਐੱਸ ਡੀ ਸੀ ਇਸ ਗੱਲ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੀ ਹੈ ਕਿ ਤੁਹਾਡਾ/ਤੁਹਾਡੇ ਡਾਕਟਰ ਤੁਹਾਡੀਆਂ ਮੈਡੀਕਲ ਹਾਲਤਾਂ ਅਤੇ ਸੀਮਾਵਾਂ ਬਾਰੇ ਕੀ ਕਹਿੰਦੇ ਹਨ, ਅਤੇ ਦਰਜ ਕਰਵਾਈਆਂ ਗਈਆਂ ਮੈਡੀਕਲ ਰਿਪੋਰਟਾਂ ਵਿਚ ਕੀ ਹੈ। ਇਹ ਜ਼ਰੂਰੀ ਹੈ ਕਿ ਤੁਹਾਡੇ ਡਾਕਟਰਾਂ ਦੀਆਂ ਰਿਪੋਰਟਾਂ ਤੁਹਾਡੀ ਹਾਲਤ ਦਾ ਵਰਣਨ ਕਰਨ ਅਤੇ ਇਹ ਦੱਸਣ ਕਿ ਇਹ ਹਾਲਤ ਤੁਹਾਨੂੰ ਕੰਮ ਕਰਨ ਤੋਂ ਕਿਉਂ ਰੋਕਦੀ ਹੈ। ਜਦੋਂ ਤੁਹਾਡੇ ਵਿਗਾੜ ਨੂੰ ਸਪਸ਼ਟ ਤੌਰ 'ਤੇ ਦਿਖਾਉਣ ਵਾਲਾ ਮੈਡੀਕਲ ਸਬੂਤ ਬਹੁਤ ਘੱਟ ਹੁੰਦਾ ਹੈ ਤਾਂ ਈ ਐੱਸ ਡੀ ਸੀ ਇਹ ਸਮਝ ਸਕਦੀ ਹੈ ਕਿ ਤੁਸੀਂ ਕਿਸੇ ਕਿਸਮ ਦਾ ਕੰਮ ਕਰ ਸਕਦੇ ਹੋ।

ਉਦਾਹਰਣ ਲਈ, ਜੇ ਤੁਹਾਡਾ ਡਾਕਟਰ ਇਹ ਕਹਿੰਦਾ ਹੈ ਕਿ ਤੁਸੀਂ ਹੁਣ ਸਰੀਰਕ ਸਰਗਰਮੀਆਂ ਵਾਲੇ ਕੰਮ ਕਰਨ ਦੇ ਯੋਗ ਨਹੀਂ ਹੋ ਜਿਵੇਂ ਕਿ ਝੁਕਣਾ ਅਤੇ ਕੋਈ ਚੀਜ਼ ਚੁੱਕਣਾ ਤਾਂ ਈ ਐੱਸ ਡੀ ਸੀ ਇਹ ਫੈਸਲਾ ਕਰ ਸਕਦੀ ਹੈ ਕਿ ਤੁਸੀਂ ਦਫਤਰ ਦਾ ਕੰਮ ਕਰ ਸਕਦੇ ਹੋ। ਜਾਂ, ਜੇ ਤੁਹਾਡਾ ਡਾਕਟਰ ਇਹ ਕਹਿੰਦਾ ਹੈ ਕਿ ਤੁਹਾਡੇ 'ਤੇ ਇਲਾਜ ਦਾ ਚੰਗਾ ਅਸਰ ਹੋ ਰਿਹਾ ਹੈ ਤਾਂ ਈ ਐੱਸ ਡੀ ਸੀ ਇਹ ਸਮਝ ਸਕਦੀ ਹੈ ਕਿ ਤੁਹਾਡੀ ਹਾਲਤ ਇੰਨੀ ਗੰਭੀਰ ਨਹੀਂ ਹੈ ਜਿਹੜੀ ਤੁਹਾਨੂੰ ਕੰਮ ਕਰਨ ਤੋਂ ਰੋਕਦੀ ਹੈ।

ਲੰਮੇ ਸਮੇਂ ਵਾਲੀ

ਕਦੇ ਕਦੇ ਸੀ ਪੀ ਪੀ-ਡੀ ਲਈ ਐਪਲੀਕੇਸ਼ਨਾਂ ਇਸ ਕਰਕੇ ਨਾਮਨਜ਼ੂਰ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਈ ਐੱਸ ਡੀ ਸੀ ਨੇ ਇਹ ਫੈਸਲਾ ਕੀਤਾ ਹੈ ਕਿ ਅਰਜ਼ੀਕਰਤਾ ਦੀ ਮੈਡੀਕਲ ਹਾਲਤ ਲੰਮੇ ਸਮੇਂ ਵਾਲੀ ਨਹੀਂ ਹੈ। ਉਦਾਹਰਣ ਲਈ, ਇਹ ਹੋ ਸਕਦਾ ਹੈ ਜੇ ਕਿਸੇ ਨੇ ਸੀ ਪੀ ਪੀ-ਡੀ ਲਈ ਅਪਲਾਈ ਕੀਤਾ ਹੈ, ਪਰ ਉਸ ਦੀ ਇਸ ਦੇ ਇਲਾਜ ਲਈ ਸਰਜਰੀ ਹੋ ਰਹੀ ਹੈ। ਈ ਐੱਸ ਡੀ ਸੀ ਵਲੋਂ ਇਹ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਵੀ ਹੈ ਕਿ ਕਿਸੇ ਅਰਜ਼ੀਕਰਤਾ ਦੀ ਹਾਲਤ ਨਾ ਤਾਂ ਲੰਮੇ ਸਮੇਂ ਲਈ ਹੈ ਅਤੇ ਨਾ ਹੀ ਨਾਮਾਲੂਮ ਸਮੇਂ (ਲੰਮੇ ਸਮੇਂ) ਲਈ ਹੈ ਜੇ ਕੋਈ ਅਜਿਹਾ ਮੈਡੀਕਲ ਸਬੂਤ ਹੈ ਜਿਹੜਾ ਇਹ ਸੁਝਾਅ ਦਿੰਦਾ ਹੈ ਕਿ ਕਿਸੇ ਖਾਸ ਤਾਰੀਕ ਤੱਕ ਪੂਰੀ ਤਰ੍ਹਾਂ ਠੀਕ ਹੋਣ ਦੀ ਉਮੀਦ ਹੈ।

ਕਾਫੀ ਯੋਗਦਾਨ ਨਾ ਪਾਇਆ ਹੋਣਾ

ਮਿਨੀਮਮ ਕੁਆਲੀਫਾਇੰਗ ਪੀਰੀਅਡ (ਐੱਮ ਕਿਊ ਪੀ) ਉਹ ਘੱਟ ਤੋਂ ਘੱਟ ਸਮਾਂ ਹੈ ਜਿਸ ਲਈ ਤੁਸੀਂ ਸੀ ਪੀ ਪੀ-ਡੀ ਬੈਨੇਫਿਟਸ ਲਈ ਯੋਗ ਹੋਣ ਵਾਸਤੇ (ਜਿਵੇਂ ਕਿ ਸੀ ਪੀ ਪੀ ਦੇ ਕਾਨੂੰਨ ਵਿਚ ਦੱਸਿਆ ਗਿਆ ਹੈ) ਡਿਸਏਬਲ ਹੋਣ ਤੋਂ ਫੌਰਨ ਪਹਿਲਾਂ ਦੇ ਸਾਲਾਂ ਵਿਚ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਵਿਚ ਯੋਗਦਾਨ ਪਾਏ ਹੋਣਾ ਜ਼ਰੂਰੀ ਹੈ। ਐੱਮ ਕਿਊ ਪੀ ਦੀ ਵਿਆਖਿਆ ਲਈ ਇਸ ਗਾਈਡ ਦੀ ਅੰਤਿਕਾ ਏ ਦੇਖੋ।

ਕਦੇ ਕਦੇ, ਕਿਸੇ ਅਰਜ਼ੀਕਰਤਾ ਨੂੰ ਇਸ ਕਰਕੇ ਨਾਂਹ ਕਰ ਦਿੱਤੀ ਜਾਵੇਗੀ ਕਿਉਂਕਿ ਈ ਐੱਸ ਡੀ ਸੀ ਨੇ ਇਹ ਫੈਸਲਾ ਕੀਤਾ ਹੈ ਕਿ ਅਰਜ਼ੀਕਰਤਾ ਨੇ ਕਾਫੀ ਯੋਗਦਾਨ ਨਹੀਂ ਪਾਇਆ। ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਤੁਹਾਡੇ ਯੋਗਦਾਨ ਪਾਉਣ ਦੇ ਸਮੇਂ ਦਾ ਹਿਸਾਬ ਲਾਉਣ ਵਿਚ ਕੋਈ ਗਲਤੀ ਕੀਤੀ ਗਈ ਹੈ, ਜਾਂ ਜੇ ਤੁਸੀਂ ਇਹ ਸੋਚਦੇ ਹੋਵੋ ਕਿ ਕੋਈ ਸ਼ਰਤ ਲਾਗੂ ਕੀਤੀ ਗਈ ਹੋ ਸਕਦੀ ਹੈ ਜਿਸ ਨੇ ਤੁਹਾਡੇ ਯੋਗਦਾਨ ਪਾਉਣ ਦੇ ਸਮੇਂ ਅਤੇ ਐੱਮ ਕਿਊ ਪੀ ਦੀ ਤਾਰੀਕ 'ਤੇ ਅਸਰ ਪਾਇਆ ਹੈ ਤਾਂ ਤੁਹਾਨੂੰ ਫੌਰਨ ਈ ਐੱਸ ਡੀ ਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਨੋਟ | ਜੇ ਤੁਸੀਂ ਲੋੜੀਂਦਾ ਯੋਗਦਾਨ ਨਹੀਂ ਪਾਇਆ ਹੈ ਤਾਂ ਦੁਬਾਰਾ ਵਿਚਾਰ ਕੀਤੇ ਜਾਣ ਲਈ ਕੋਈ ਆਧਾਰ ਨਹੀਂ ਹੈ। ਕਾਨੂੰਨ ਵਿਚ ਕੋਈ ਵਿਵਸਥਾਵਾਂ ਨਹੀਂ ਹਨ ਜਿਹੜੀਆਂ ਈ ਐੱਸ ਡੀ ਸੀ ਨੂੰ ਹਮਦਰਦੀ ਦੇ ਆਧਾਰ 'ਤੇ ਕਿਸੇ ਫੈਸਲੇ 'ਤੇ ਦੁਬਾਰਾ ਵਿਚਾਰ ਕਰਨ ਦੀ ਆਗਿਆ ਦਿੰਦੀਆਂ ਹਨ।

ਲੇਟ ਅਰਜ਼ੀਕਰਤਾ

ਜੇ ਤੁਸੀਂ ਡਿਸਏਬਲ ਹੋਣ ਤੋਂ ਛੇਤੀ ਬਾਅਦ ਸੀ ਪੀ ਪੀ-ਡੀ ਲਈ ਅਪਲਾਈ ਨਾ ਕੀਤਾ ਹੋਵੇ ਤਾਂ ਤੁਹਾਨੂੰ ਫਿਰ ਵੀ ਨਾਂਹ ਕੀਤੀ ਜਾ ਸਕਦੀ ਹੈ। ਉਦਾਹਰਣ ਲਈ, ਜੇ ਤੁਸੀਂ ਅਪਲਾਈ ਕਰਨ ਲਈ ਬਹੁਤ ਜ਼ਿਆਦਾ ਸਮਾਂ ਲਾਉਂਦੇ ਹੋ ਤਾਂ ਹੋ ਸਕਦਾ ਤੁਸੀਂ ਛੇ ਸਾਲਾਂ ਵਿੱਚੋਂ ਚਾਰ ਸਾਲਾਂ ਦਾ ਟੈੱਸਟ ਪੂਰਾ ਨਾ ਕਰਦੇ ਹੋਵੋ। ਇਹ ਨਿਯਮ ਹੈ ਜਿਹੜਾ ਕਹਿੰਦਾ ਹੈ ਕਿ ਸੀ ਪੀ ਪੀ-ਡੀ ਲਈ ਅਪਲਾਈ ਕਰਨ ਤੋਂ ਫੌਰਨ ਪਹਿਲਾਂ ਦੇ ਛੇ ਸਾਲਾਂ ਵਿੱਚੋਂ ਚਾਰ ਸਾਲਾਂ ਲਈ ਤੁਹਾਡੇ ਲਈ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ।

ਇਨ੍ਹਾਂ ਹਾਲਤਾਂ ਵਿਚ , ਕਦੇ ਕਦੇ ਲੇਟ ਅਰਜ਼ੀਕਰਤਾ ਲਈ ਵਿਵਸਥਾ ਦੀ ਵਰਤੋਂ ਕੀਤੀ ਜਾ ਸਕਦੀ ਹੈ (ਇਸ ਵਿਵਸਥਾ ਬਾਰੇ ਹੋਰ ਜਾਣਕਾਰੀ ਲਈ, ਅੰਤਿਕਾ ਏ ਦੇਖੋ)। ਇਹ ਕਿਸੇ ਅਰਜ਼ੀਕਰਤਾ ਨੂੰ ਆਪਣੀ ਡਿਸਏਬਿਲਟੀ ਦੇ ਸ਼ੁਰੂ ਹੋਣ ਦੇ ਨੇੜੇ ਤੋਂ ਐੱਮ ਕਿਊ ਪੀ (ਯੋਗ ਹੋਣ ਲਈ ਘੱਟੋ ਘੱਟ ਸਮਾਂ) ਦੀ ਆਗਿਆ ਦਿੰਦਾ ਹੈ। ਲੇਟ ਅਰਜ਼ੀਕਰਤਾਵਾਂ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਉਨ੍ਹਾਂ ਦੀ ਸਿਹਤ ਨੇ ਉਨ੍ਹਾਂ ਨੂੰ ਆਪਣੇ ਐੱਮ ਕਿਊ ਪੀ ਤੋਂ ਲੈ ਕੇ ਕੰਮ ਕਰਨ ਤੋਂ ਰੋਕਿਆ ਹੈ, ਕਿਉਂਕਿ ਉਨ੍ਹਾਂ ਨੇ ਸੀ ਪੀ ਪੀ–ਡੀ ਲਈ ਲੇਟ ਅਪਲਾਈ ਕੀਤਾ ਹੈ, ਜੋ ਕਿ ਬੀਤੇ ਸਮੇਂ ਵਿਚ ਕਾਫੀ ਸਮਾਂ ਹੋ ਸਕਦਾ ਹੈ।

ਦੁਬਾਰਾ ਵਿਚਾਰ ਲਈ ਆਪਣੀ ਬੇਨਤੀ ਸ਼ੁਰੂ ਕਰਨਾ

ਕਦਮ 1 | ਈ ਐੱਸ ਡੀ ਸੀ ਨੂੰ ਲਿਖਣਾ

ਦੁਬਾਰਾ ਵਿਚਾਰ ਲਈ ਬੇਨਤੀ ਦੇ ਤਰੀਕੇ ਦਾ ਪਹਿਲਾ ਕਦਮ ਆਪਣੀ ਨਾਂਹ ਦੀ ਚਿੱਠੀ ਮਿਲਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਈ ਐੱਸ ਡੀ ਸੀ ਨੂੰ ਲਿਖ ਕੇ ਇਹ ਦੱਸਣਾ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਉਹ ਆਪਣੇ ਫੈਸਲੇ 'ਤੇ ਦੁਬਾਰਾ ਵਿਚਾਰ ਕਰਨ। 90 ਦਿਨ ਉਸ ਦਿਨ ਤੋਂ ਸ਼ੁਰੂ ਹੁੰਦੇ ਹਨ ਜਦੋਂ ਤੁਹਾਨੂੰ ਆਪਣੀ ਚਿੱਠੀ ਮਿਲਦੀ ਹੈ।

ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਲੋਕ ਰਿਕੁਐਸਟ ਫਾਰ ਰੀਕੌਨਸਿਡਰੇਸ਼ਨ ਔਫ ਏ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਡਿਸੀਜ਼ਨ ਫਾਰਮ ਦੀ ਵਰਤੋਂ ਕਰਨ ਜੋ ਔਨਲਾਈਨ https://catalogue.servicecanada.gc.ca/content/EForms/en/Detail.html?Form=ISP1145 'ਤੇ ਉਪਲਬਧ ਹੈ ਜਾਂ ਈ ਐੱਸ ਡੀ ਸੀ ਨੂੰ ਟੋਲ ਫ੍ਰੀ 1–800–277–9914 'ਤੇ ਫੋਨ ਕਰੋ।

ਦੁਬਾਰਾ ਵਿਚਾਰ ਲਈ ਫਾਰਮ ਕਾਰਵਾਈ ਸ਼ੁਰੂ ਕਰਨ ਲਈ ਸਾਰੀ ਲੋੜੀਂਦੀ ਜਾਣਕਾਰੀ ਕਵਰ ਕਰਦਾ ਹੈ, ਜਿਸ ਵਿਚ ਇਹ ਸ਼ਾਮਲ ਹੈ:

- ਸੰਪਰਕ ਦੀ ਜਾਣਕਾਰੀ (ਸਫ਼ਾ 2);
- ਉਹ ਤਾਰੀਕ ਜਦੋਂ ਫੈਸਲੇ ਦੀ ਚਿੱਠੀ ਮਿਲੀ ਸੀ। ਜੇ ਆਪਣੀ ਨਾਂਹ ਦੀ ਚਿੱਠੀ ਮਿਲਣ ਤੋਂ ਬਾਅਦ 90 ਨਾਲੋਂ ਜ਼ਿਆਦਾ ਦਿਨ ਹੋ ਗਏ ਹਨ ਤਾਂ ਤੁਹਾਡੇ ਲਈ ਐਕਸਟੈਨਸ਼ਨ (ਸਮੇਂ ਵਿਚ ਵਾਧੇ) ਦੀ ਮੰਗ ਕਰਨਾ ਅਤੇ ਉਹ ਕਾਰਨ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਲੇਟ ਕਿਉਂ ਹੋਏ ਸੀ ਅਤੇ ਤੁਸੀਂ ਕਿਹੜੇ ਕਦਮ ਚੁੱਕੇ ਹਨ ਜਿਹੜੇ ਇਹ ਸਾਬਤ ਕਰਨਗੇ ਕਿ ਤੁਸੀਂ ਸ਼ੁਰੂ ਤੋਂ ਹੀ ਨਾਂਹ ਦੀ ਅਪੀਲ ਕਰਨ ਦੀ ਵਿਉਂਤ ਬਣਾ ਰਹੇ ਸੀ। ਜੇ ਉਹ ਕਾਫੀ ਪ੍ਰਭਾਵਸ਼ਾਲੀ ਹੋਣ ਤਾਂ ਈ ਐੱਸ ਡੀ ਸੀ ਅਜੇ ਵੀ ਅਪੀਲ ਸ਼ੁਰੂ ਕਰ ਸਕਦੀ ਹੈ (ਸਫ਼ਾ 2);
- ਜੇ ਤੁਸੀਂ ਹੋਰ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੇ ਹੋਵੋਗੇ ਅਤੇ ਅੰਦਾਜ਼ਨ ਸਮੇਂ ਜਦੋਂ ਉਹ ਜਾਣਕਾਰੀ ਤੁਹਾਨੂੰ ਮਿਲੇਗੀ (ਸਫ਼ਾ 3);
- ਉਹ ਕਾਰਨ ਜਿਨ੍ਹਾਂ ਕਰਕੇ ਤੁਸੀਂ ਇਹ ਚਾਹੋਗੇ ਕਿ ਈ ਐੱਸ ਡੀ ਸੀ ਆਪਣੇ ਫੈਸਲੇ 'ਤੇ ਵਿਚਾਰ ਕਰੇ ਜਿਵੇਂ ਕਿ "ਮੈਂ ਮੈਡੀਕਲ ਅਡਜੂਡੀਕੇਟਰ ਦੇ ਫੈਸਲੇ ਨਾਲ ਸਹਿਮਤ ਨਹੀਂ ਹਾਂ। ਮੈਂ ਆਪਣੀ ਫਾਇਲ ਦੇਖਣ ਲਈ ਬੇਨਤੀ ਕਰਾਂਗਾ ਅਤੇ ਜਦੋਂ ਮੈਨੂੰ ਇਸ 'ਤੇ ਵਿਚਾਰ ਕਰਨ ਦਾ ਮੌਕਾ ਮਿਲ ਗਿਆ ਤਾਂ ਮੇਰੇ ਕੋਲ ਵਾਧੂ ਕਾਰਨ ਹੋ ਸਕਦੇ ਹਨ" (ਸਫ਼ਾ 3):
- ਤੁਹਾਡੇ ਦਸਖਤ ਅਤੇ ਤਾਰੀਕ; ਅਤੇ
- ਹਰ ਸਫ਼ੇ 'ਤੇ ਤੁਹਾਡਾ ਸੋਸ਼ਲ ਇਨਸ਼ੋਰੈਂਸ ਨੰਬਰ।

ਇਸ ਗਾਈਡ ਦੇ ਸਫ਼ਾ 18 'ਤੇ ਅੰਤਿਕਾ ਸੀ ਵਿਚ ਅਸੀਂ ਈ ਐੱਸ ਡੀ ਸੀ ਨਾਲ ਸੰਪਰਕ ਕਰਨ ਦੀ ਜਾਣਕਾਰੀ ਦਿੱਤੀ ਹੈ।

ਕਦਮ 2 | ਆਪਣੀ ਫਾਇਿਲ ਮੰਗਣਾ

ਜਦੋਂ ਤੁਸੀਂ ਈ ਐੱਸ ਡੀ ਸੀ ਨੂੰ ਇਹ ਦੱਸ ਦਿੱਤਾ ਕਿ ਤੁਸੀਂ ਦੁਬਾਰਾ ਵਿਚਾਰ ਕਰਵਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੀ ਫਾਇਿਲ ਮੰਗਣ ਦੀ ਲੋੜ ਹੈ। ਇਹ ਕਰਨ ਲਈ, ਤੁਹਾਨੂੰ ਇਕ ਇਨਫੋ ਸ੍ਰੋਸ (ਜਾਣਕਾਰੀ ਸ੍ਰੋਤ) ਭੇਜਣ ਦੀ ਲੋੜ ਹੈ ਜਿਸ ਦਾ ਨਾਂ ਹੈ: ਪਰਸਨਲ ਇਨਫਰਮੇਸ਼ਨ ਰਿਕੁਐਸਟ ਫਾਰਮ। ਤੁਸੀਂ ਇਹ ਫਾਰਮ ਈ ਐੱਸ ਡੀ ਸੀ ਨੂੰ ਟੋਲ ਫ੍ਰੀ 1-800-277-9914 'ਤੇ ਫੋਨ ਕਰਕੇ ਲੈ ਸਕਦੇ ਹੋ, ਜਾਂ ਤੁਸੀਂ ਇਹ http://www.tbs-sct.gc.ca/tbsf-fsct/350-58-nf-eng.pdf 'ਤੇ ਔਨਲਾਈਨ ਲੈ ਸਕਦੇ ਹੋ।

ਇਨਫੋ ਸ੍ਰੋਸ ਫਾਰਮ ਭਰੋ ਅਤੇ ਇਹ ਈ ਐੱਸ ਡੀ ਸੀ ਨੂੰ ਡਾਕ ਰਾਹੀਂ ਭੇਜੋ। ਉਨ੍ਹਾਂ ਨੂੰ ਅਸਲੀ ਦਸਖਤਾਂ ਦੀ ਲੋੜ ਹੁੰਦੀ ਹੈ ਅਤੇ ਉਹ ਫੈਕਸ ਜਾਂ ਫੋਟੋਕਾਪੀ ਪ੍ਰਵਾਨ ਨਹੀਂ ਕਰਨਗੇ। ਤੁਸੀਂ ਅਜਿਹਾ ਦੋ ਤਰੀਕਿਆਂ ਨਾਲ ਕਰ ਸਕਦੇ ਹੋ:

1. ਤੁਸੀਂ ਇਹ ਆਪਣੇ ਨੇੜੇ ਸਰਵਿਸ ਕੈਨੇਡਾ ਆਫਿਸ ਨੂੰ ਵਾਪਸ ਦੇ ਸਕਦੇ ਹੋ ਜਾਂ
2. ਤੁਸੀਂ ਇਹ ਇਸ ਐਡਰੈਸ 'ਤੇ ਭੇਜ ਸਕਦੇ ਹੋ: Privacy Coordinator, Service Canada, PO Box 1177, Victoria, BC V8W 2V2.

ਇਨਫੋ ਸ੍ਰੋਸ ਫਾਰਮ ਤੁਹਾਨੂੰ ਆਪਣੀ ਮੁਕੰਮਲ ਕੀਤੀ ਹੋਈ ਫਾਇਿਲ ਦੀ ਕਾਪੀ ਲੈਣ ਦੀ ਆਗਿਆ ਦਿੰਦਾ ਹੈ। ਫਾਇਿਲ ਮਿਲਣ ਨੂੰ ਤਕਰੀਬਨ 5-6 ਹਫਤੇ ਲੱਗਣਗੇ। ਜਦੋਂ ਤੁਹਾਡੀ ਫਾਇਿਲ ਆਵੇਗੀ, ਉਸ ਵਿਚ ਇਹ ਚੀਜ਼ਾਂ ਸ਼ਾਮਲ ਹੋਣਗੀਆਂ:

- ਤੁਹਾਡਾ ਐਪਲੀਕੇਸ਼ਨ ਫਾਰਮ
- ਤੁਹਾਡੇ ਡਾਕਟਰ ਦੀ ਮੈਡੀਕਲ ਰਿਪੋਰਟ
- ਡਿਸਏਬਿਲਟੀ ਸਮਰੀ ਸ਼ੀਟ ਜਿਹੜੀ ਤੁਹਾਨੂੰ ਇਹ ਦੱਸੇਗੀ ਕਿ ਈ ਐੱਸ ਡੀ ਸੀ ਨੇ ਤੁਹਾਡਾ ਕਲੇਮ ਨਾਮਨਜ਼ੂਰ ਕਿਉਂ ਕੀਤਾ ਹੈ
- ਈ ਐੱਸ ਡੀ ਸੀ ਨੂੰ ਭੇਜੇ ਗਏ ਹੋਰ ਡਾਕੂਮੈਂਟਸ ਜਿਹੜੇ ਤੁਸੀਂ ਦੇਖੇ ਨਹੀਂ ਹੋ ਸਕਦੇ ਹਨ, ਜਿਵੇਂ ਕਿ ਤੁਹਾਡੇ ਡਾਕਟਰ ਤੋਂ ਚਿੱਠੀਆਂ।

ਕਦਮ 3 | ਤੁਹਾਡੀ ਫਾਇਲ 'ਤੇ ਦੁਬਾਰਾ ਵਿਚਾਰ ਕਰਨਾ

ਡਿਸਏਬਿਲਟੀ ਸਮਰੀ ਸ਼ੀਟ ਤੁਹਾਨੂੰ ਇਹ ਦੱਸੇਗੀ ਕਿ ਤੁਹਾਡੀ ਐਪਲੀਕੇਸ਼ਨ ਰੱਦ ਕਿਉਂ ਕੀਤੀ ਗਈ ਸੀ। "ਰੈਸ਼ਨੈਲ" ਨਾਂ ਦਾ ਹਿੱਸਾ ਪੜ੍ਹੋ। ਇਸ ਹਿੱਸੇ ਵਿਚ ਅਡਜੂਡੀਕੇਟਰ ਦੇ ਤੁਹਾਡੇ ਕਲੇਮ ਨੂੰ ਨਾਮਨਜ਼ੂਰ ਕਰਨ ਦੇ ਕਾਰਨ ਸ਼ਾਮਲ ਹੁੰਦੇ ਹਨ।

ਇਹ ਸੰਖੇਪ ਆਪਣੀ ਫਾਇਲ 'ਤੇ ਵਿਚਾਰ ਕਰਨ ਵਿਚ ਤੁਹਾਡੀ ਮਦਦ ਕਰਦਾ ਹੈ। ਆਪਣੇ ਆਪ ਨੂੰ ਪੁੱਛੋ: ਕੀ ਉਨ੍ਹਾਂ ਨੇ ਕੋਈ ਮਹੱਤਵਪੂਰਨ ਚੀਜ਼ ਅਣਡਿੱਠ ਕੀਤੀ ਹੈ? ਕੀ ਉਨ੍ਹਾਂ ਦੀ ਜਾਣਕਾਰੀ ਵਿਚ ਕੋਈ ਗਲਤੀਆਂ ਜਾਂ ਉਕਾਈਆਂ ਹਨ? ਇਹ ਤੁਹਾਨੂੰ ਉਸ ਕਿਸਮ ਦੀ ਸਾਮੱਗਰੀ ਬਾਰੇ ਖਿਆਲ ਦੇਵੇਗਾ ਜਿਹੜੀ ਆਪਣੀ ਅਪੀਲ ਵਿਚ ਸ਼ਾਮਲ ਕਰਨਾ ਮਹੱਤਵਪੂਰਨ ਹੋਵੇਗਾ। ਸਮਰੀ ਸ਼ੀਟ 'ਤੇ ਵਿਚਾਰ ਕਰਨਾ ਖਤਮ ਕਰ ਲੈਣ ਤੋਂ ਬਾਅਦ, ਆਪਣੀ ਬਾਕੀ ਫਾਇਲ ਵੱਲ ਧਿਆਨ ਦੇਣ ਦਾ ਸਮਾਂ ਹੈ।

ਆਪਣੇ ਵਲੋਂ ਭਰੀ ਗਈ ਐਪਲੀਕੇਸ਼ਨ ਵਿਚ 7 ਤੋਂ 10 ਸਫਿਆਂ 'ਤੇ ਵਿਚਾਰ ਕਰੋ। ਇਹ ਸਵਾਲ ਤੁਹਾਡੀ ਡਿਸਏਬਿਲਟੀ ਅਤੇ ਉਨ੍ਹਾਂ ਅਸਰਾਂ 'ਤੇ ਧਿਆਨ ਦਿੰਦੇ ਹਨ ਜਿਹੜੇ ਇਸ ਨੇ ਤੁਹਾਡੀ ਜ਼ਿੰਦਗੀ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ ਉਪਰ ਪਾਏ ਹਨ। ਕੀ ਵਿਸਥਾਰ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ ਤੁਹਾਡੀ ਡਿਸਏਬਿਲਟੀ ਨੇ ਕਿਵੇਂ ਤੁਹਾਨੂੰ ਤੁਹਾਡੀ ਪਿਛਲੀ ਜੌਬ 'ਤੇ ਆਪਣਾ ਕੰਮ ਕਰਨ ਤੋਂ ਰੋਕਿਆ ਹੈ? ਕੀ ਵਿਸਥਾਰ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ ਤੁਹਾਡੀਆਂ ਡਿਸਏਬਿਲਟੀਜ਼ ਨੇ ਤੁਹਾਨੂੰ ਦੁਬਾਰਾ ਟਰੇਨਿੰਗ ਲੈਣ ਤੋਂ ਕਿਉਂ ਰੋਕਿਆ ਹੈ? ਕੀ ਇਹ ਨਾ–ਅਨੁਮਾਨਣਯੋਗ "ਮਾੜੇ ਦਿਨਾਂ" ਤੋਂ ਖੁੰਝ ਗਈ ਹੈ ਜਿਨ੍ਹਾਂ ਦੀ ਤੁਸੀਂ ਪਲੈਨ ਨਹੀਂ ਬਣਾ ਸਕਦੇ ਸੀ ਜਦੋਂ ਇਸ ਵਿਚ ਤੁਹਾਨੂੰ ਸਿਰਫ ਆਪਣੇ "ਆਮ" ਦਿਨ ਨੂੰ ਦਰਜਾ ਦੇਣ ਲਈ ਪੁੱਛਿਆ ਗਿਆ ਸੀ? ਇਹ ਜਾਣਕਾਰੀ ਤੁਹਾਡੀ ਅਪੀਲ ਵਿਚ ਵਰਤੀ ਜਾ ਸਕਦੀ ਹੈ।

ਆਪਣੇ ਡਾਕਟਰ ਵਲੋਂ ਮੁਕੰਮਲ ਕੀਤੀ ਗਈ ਮੈਡੀਕਲ ਰਿਪੋਰਟ ਪੜ੍ਹੋ। ਕੀ ਇਹ ਸਹੀ ਹੈ? ਕੀ ਤੁਹਾਡਾ ਡਾਕਟਰ ਮਦਦ ਕਰਨ ਵਾਲਾ ਲੱਗਦਾ ਹੈ? ਤੁਹਾਡੀ ਡਿਸਏਬਿਲਟੀ ਦਾ ਸਾਰ ਕੀ ਦਿੱਤਾ ਗਿਆ ਹੈ? ਤੁਹਾਡੀ ਹਾਲਤ ਦੇ ਲੱਛਣਾਂ ਬਾਰੇ ਕੀ ਕਿਹਾ ਗਿਆ ਹੈ? ਕੀ ਤੁਹਾਡੀ ਕੰਮ ਕਰਨ ਦੀ ਸਮਰੱਥਾ ਬਾਰੇ ਕੁਝ ਕਿਹਾ ਗਿਆ ਹੈ? ਜੇ ਤੁਹਾਡੀ ਸਿਹਤ ਦੀ ਇਕ ਨਾਲੋਂ ਜ਼ਿਆਦਾ ਸਮੱਸਿਆ ਹੈ ਤਾਂ ਕੀ ਤੁਹਾਡੇ ਡਾਕਟਰ ਨੇ ਉਨ੍ਹਾਂ ਸਾਰੀਆਂ ਬਾਰੇ ਜਾਣਕਾਰੀ ਸ਼ਾਮਲ ਕੀਤੀ ਹੈ?

ਇਹ ਦੇਖਣ ਲਈ ਵੀ ਚੈੱਕ ਕਰੋ ਕਿ ਕੀ ਹੋਰ ਮੈਡੀਕਲ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਕੀ ਕੋਈ ਚੀਜ਼ ਹੈ ਜਿਸ ਬਾਰੇ ਤੁਹਾਨੂੰ ਪਤਾ ਨਹੀਂ ਸੀ? ਕੀ ਮੈਡੀਕਲ ਜਾਣਕਾਰੀ ਇਕਸੁਰ ਹੈ ਜਾਂ ਮੇਲ ਨਾ ਕਰਨ ਵਾਲੀ ਹੈ? **ਕੀ ਕਿਸੇ ਡਾਕਟਰ ਨੇ ਇਹ ਕਿਹਾ ਹੈ ਜਾਂ ਸੰਕੇਤ ਦਿੱਤਾ ਹੈ ਕਿ ਤੁਸੀਂ ਕੰਮ ਕਰਨ ਦੇ ਯੋਗ ਹੋ ਜਾਂ ਤੁਹਾਡੀ ਹਾਲਤ ਸੁਧਰ ਜਾਵੇਗੀ?**

ਇਨ੍ਹਾਂ ਸਵਾਲਾਂ ਦੇ ਜਵਾਬ ਦੇ ਕੇ, ਤੁਸੀਂ ਸਭ ਤੋਂ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰੋਗੇ। ਜਦੋਂ ਤੁਸੀਂ ਅਪੀਲ ਦੀ ਕਾਰਵਾਈ ਵਿਚ ਦੀ ਜਾਉਗੇ ਤਾਂ ਇਹ ਨੋਟਸ ਫਾਇਦੇਮੰਦ ਹੋਣਗੇ।

ਕਦਮ 4 | ਆਪਣਾ ਕੇਸ ਪੇਸ਼ ਕਰਨਾ

ਈ ਐੱਸ ਡੀ ਸੀ ਨੂੰ 90 ਦਿਨਾਂ ਦੇ ਵਿਚ ਵਿਚ ਇਹ ਦੱਸਣ ਲਈ ਲਿਖਣਾ ਕਿ ਤੁਸੀਂ ਦੁਬਾਰਾ ਵਿਚਾਰ ਲਈ ਬੇਨਤੀ ਕਰ ਰਹੇ ਹੋ (ਉੱਪਰ ਕਦਮ 1 ਦੇਖੋ), ਤੁਹਾਡੀ ਦੁਬਾਰਾ ਵਿਚਾਰ ਲਈ ਬੇਨਤੀ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੋਵੇਗੀ, ਪਰ ਜਿੱਤਣ ਦੇ ਸਭ ਤੋਂ ਬਿਹਤਰ ਮੌਕੇ ਵਾਸਤੇ ਤੁਹਾਨੂੰ ਜ਼ਿਆਦਾ ਕਰਨ ਦੀ ਲੋੜ ਪਵੇਗੀ।

ਆਪਣੀ ਨਾਂਹ ਦੀ ਚਿੱਠੀ ਪੜ੍ਹਨ ਅਤੇ ਆਪਣੀ ਫਾਇਲ 'ਤੇ ਵਿਚਾਰ ਕਰਨ ਤੋਂ ਬਾਅਦ, ਤੁਹਾਨੂੰ ਚੰਗੀ ਤਰ੍ਹਾਂ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਈ ਐੱਸ ਡੀ ਸੀ ਨੇ ਤੁਹਾਡੀ ਸੀ ਪੀ ਪੀ–ਡੀ ਐਪਲੀਕੇਸ਼ਨ ਰੱਦ ਕਿਉਂ ਕੀਤੀ ਹੈ। ਇਹ ਹਿੱਸਾ ਇਸ ਚੀਜ਼ ਦੀ ਸਪਸ਼ਟ ਸਮਝ ਹਾਸਲ ਕਰਨ ਵਿਚ ਤੁਹਾਡੀ ਮਦਦ ਕਰੇਗਾ ਕਿ ਸੀ ਪੀ ਪੀ–ਡੀ ਨੂੰ ਇਹ ਸੰਤੁਸ਼ਟ ਕਰਨ ਲਈ ਤੁਸੀਂ ਕਿਹੜੀ ਜਾਣਕਾਰੀ ਵਰਤ ਸਕਦੇ ਹੋ ਕਿ ਤੁਸੀਂ ਯੋਗ ਹੋ।

ਆਪਣੇ ਆਪ ਨੂੰ ਇਹ ਤਿੰਨ ਸਵਾਲ ਪੁੱਛਦੇ ਹੋਏ ਸ਼ੁਰੂ ਕਰੋ:

1. ਕੀ ਤੁਹਾਡੀ ਡਿਸਏਬਿਲਟੀ ਤੁਹਾਨੂੰ ਨੇਮ ਨਾਲ ਕੰਮ ਕਰਨ ਤੋਂ ਰੋਕਦੀ ਹੈ?
2. ਕੀ ਆਉਣ ਵਾਲੇ ਭਵਿੱਖ ਵਿਚ ਤੁਹਾਡੀ ਹਾਲਤ ਵਿਚ ਮਹੱਤਵਪੂਰਨ ਸੁਧਾਰ ਹੋਣ ਦੀ ਸੰਭਾਵਨਾ ਨਹੀਂ ਹੈ?
3. ਕੀ ਤੁਹਾਡਾ (ਤੁਹਾਡੇ) ਡਾਕਟਰ ਉਨ੍ਹਾਂ ਸੀਮਾਵਾਂ ਨੂੰ ਪ੍ਰਵਾਨ ਕਰਦੇ ਹਨ ਜਿਹੜੀਆਂ ਤੁਹਾਡੀ ਡਿਸਏਬਿਲਟੀ ਤੁਹਾਡੀ ਰੋਜ਼ਾਨਾ ਜ਼ਿੰਦਗੀ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀਆਂ ਹਨ?

ਆਪਣੀ ਅਪੀਲ ਦੀ ਕਾਮਯਾਬੀ ਦੇ ਮੌਕੇ ਲਈ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਤੁਹਾਡੇ ਲਈ "ਹਾਂ" ਹੋਣ ਦੀ ਲੋੜ ਹੈ। ਜੇ ਸਵਾਲ ਨੰਬਰ 3 ਦਾ ਜਵਾਬ "ਨਹੀਂ" ਹੈ ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਸਹਾਇਕ ਮੈਡੀਕਲ ਸਬੂਤਾਂ ਤੋਂ ਬਿਨਾਂ ਆਪਣੀ ਦੁਬਾਰਾ ਵਿਚਾਰ ਲਈ ਬੇਨਤੀ ਨੂੰ ਜਿੱਤਣਾ ਬਹੁਤ ਜ਼ਿਆਦਾ ਔਖਾ ਹੋਵੇਗਾ। ਵਿਚਾਰ ਕਰਨ ਲਈ ਕੁਝ ਚੀਜ਼ਾਂ ਇਹ ਹਨ:

- ਕੀ ਤੁਹਾਡਾ ਡਾਕਟਰ ਇਹ ਸੋਚਦਾ ਹੈ ਕਿ ਤੁਹਾਨੂੰ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਡਿਸਏਬਿਲਟੀ ਹੈ? ਕੀ ਤੁਹਾਡਾ ਡਾਕਟਰ ਹਿਮਾਇਤ ਦੀ ਚਿੱਠੀ ਲਿਖਣ ਅਤੇ ਹੋਰ ਜਾਣਕਾਰੀ ਹਾਸਲ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਹੈ? ਜੇ ਤੁਹਾਡਾ ਡਾਕਟਰ ਤੁਹਾਡੇ ਨਾਲ ਕੰਮ ਕਰਨ ਲਈ ਤਿਆਰ ਹੋਵੇ ਤਾਂ ਇਹ ਤੁਹਾਡਾ ਕੰਮ ਬਹੁਤ ਜ਼ਿਆਦਾ ਸੌਖਾ ਬਣਾ ਦੇਵੇਗਾ (ਇਸ ਗਾਈਡ ਦੇ ਬਾਅਦ ਦੇ ਹਿੱਸਿਆਂ ਵਿਚ ਮੈਡੀਕਲ ਚਿੱਠੀਆਂ ਬਾਰੇ ਜ਼ਿਆਦਾ ਵੇਰਵੇ ਨਾਲ ਗੱਲ ਕੀਤੀ ਜਾਵੇਗੀ)।
- ਤੁਹਾਡੇ ਡਾਕਟਰ ਨੇ ਤੁਹਾਡੀ ਡਿਸਏਬਿਲਟੀ ਨੂੰ ਕਿੰਨੀ ਕੁ ਚੰਗੀ ਤਰ੍ਹਾਂ ਬਿਆਨ ਕੀਤਾ ਹੈ? ਕੀ ਕੋਈ ਮੈਡੀਕਲ ਰਿਪੋਰਟਾਂ ਜਾਂ ਚਿੱਠੀਆਂ ਮੌਜੂਦ ਹਨ ਜਿਹੜੀਆਂ ਤੁਹਾਡੀ ਸੀ ਪੀ ਪੀ–ਡੀ ਐਪਲੀਕੇਸ਼ਨ ਨਾਲ ਦਰਜ ਨਹੀਂ ਕਰਵਾਈਆਂ ਗਈਆਂ ਸਨ ਜੋ ਹੁਣ ਦਰਜ ਕਰਵਾਈਆਂ ਜਾ ਸਕਦੀਆਂ ਹਨ? ਜੇ ਤੁਹਾਡੀ ਇਕ ਨਾਲੋਂ ਜ਼ਿਆਦਾ ਮੈਡੀਕਲ ਹਾਲਤ ਹੈ ਤਾਂ ਇਹ ਜਾਣਕਾਰੀ ਮਹੱਤਵਪੂਰਨ ਹੈ ਕਿ ਇਹ ਸਾਰੀਆਂ ਹਾਲਤਾਂ ਕਿਵੇਂ ਤੁਹਾਡੀ ਰੋਜ਼ਾਨਾ ਜ਼ਿੰਦਗੀ ਨੂੰ ਖਰਾਬ ਕਰਦੀਆਂ ਹਨ। ਜੇ ਤੁਸੀਂ ਆਪਣੇ ਡਾਕਟਰ ਦੀ ਵਿਸਥਾਰ ਵਿਚ ਇਹ ਸਮਝਣ ਵਿਚ ਮਦਦ ਕਰ ਸਕੋ ਕਿ ਤੁਹਾਡੀ ਹਾਲਤ ਕਿਵੇਂ ਤੁਹਾਡੇ ਕਾਰਜ ਕਰਨ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ ਤਾਂ ਤੁਹਾਡਾ ਡਾਕਟਰ ਤੁਹਾਡੇ ਕੇਸ ਵਿਚ ਜ਼ਿਆਦਾ ਮਦਦ ਕਰਨ ਦੇ ਯੋਗ ਹੋਵੇਗਾ।
- ਕੀ ਤੁਹਾਡੀ ਸੀ ਪੀ ਪੀ–ਡੀ ਐਪਲੀਕੇਸ਼ਨ ਨਾਲ ਦਰਜ ਕਰਵਾਈਆਂ ਗਈਆਂ ਮੈਡੀਕਲ ਰਿਪੋਰਟਾਂ ਪੁਰਾਣੀਆਂ ਹਨ, ਗਲਤ ਹਨ ਜਾਂ ਤੁਹਾਡੀ ਸੀਮਾ ਜਾਂ ਹਾਲਤ ਬਾਰੇ ਜ਼ਿਆਦਾ ਆਸ਼ਾਵਾਦੀ ਨਜ਼ਰੀਆ ਲਿਆ ਗਿਆ ਹੈ? ਉਦਾਹਰਣ ਲਈ, ਕਦੇ ਕਦੇ ਡਾਕਟਰ ਇਹ ਕਲਪਨਾ ਕਰ ਲਵੇਗਾ ਕਿ ਸਿਫ਼ਾਰਸ਼ ਕੀਤਾ ਗਿਆ ਇਲਾਜ ਅਸਰਦਾਰ ਹੋਵੇਗਾ, ਪਰ ਇਹ ਨਹੀਂ ਹੋਇਆ ਸੀ। ਅਸੀਂ ਸੁਝਾ ਦਿੰਦੇ ਹਾਂ ਕਿ ਮਸਲਿਆਂ ਦੀਆਂ ਇਨ੍ਹਾਂ ਕਿਸਮਾਂ ਬਾਰੇ ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰੋ ਕਿਉਂਕਿ ਇਨ੍ਹਾਂ ਬਾਰੇ ਤੁਹਾਡੀ ਅਪੀਲ ਵਿਚ ਗੱਲ ਕੀਤੇ ਜਾਣ ਦੀ ਲੋੜ ਪਵੇਗੀ।
- ਕਿਹੜੀ ਨਵੀਂ ਮੈਡੀਕਲ ਜਾਣਕਾਰੀ ਲਈ ਜਾ ਸਕਦੀ ਹੈ? ਇਹ ਪੋਆਇੰਟ ਖਾਸ ਕਰਕੇ ਮਹੱਤਵਪੂਰਨ ਹੈ ਜੇ ਤੁਹਾਡੀ ਹਾਲਤ ਸਮੇਂ ਨਾਲ ਜ਼ਿਆਦਾ ਵਿਗੜ ਰਹੀ ਹੈ। ਨਵੀਂਆਂ ਅਸੈੱਸਮੈਂਟਾਂ ਲੈਣ ਲਈ ਤੁਹਾਡੇ ਡਾਕਟਰ ਵਲੋਂ ਤੁਹਾਨੂੰ ਸਪੈਸ਼ਲਿਸਟਾਂ ਜਾਂ ਹੋਰ ਸਿਹਤ ਮਾਹਰਾਂ ਕੋਲ ਭੇਜਣਾ ਇਕ ਚੰਗਾ ਖਿਆਲ ਹੋ ਸਕਦਾ ਹੈ। ਪਰ, ਇਹ ਪਤਾ ਕਰੋ ਇਹ ਨਵੀਂ ਜਾਣਕਾਰੀ ਲੈਣ ਨੂੰ ਕਿੰਨਾ ਸਮਾਂ ਲੱਗੇਗਾ। ਜੇ ਇਸ ਨੂੰ ਲੰਮਾ ਸਮਾਂ ਲੱਗਣਾ ਹੈ ਤਾਂ ਅਸੀਂ ਸੁਝਾ ਦਿੰਦੇ ਹਾਂ ਕਿ ਤੁਸੀਂ ਈ ਐੱਸ ਡੀ ਸੀ ਨਾਲ ਸੰਪਰਕ ਕਰੋ ਅਤੇ ਡੈੱਡਲਾਈਨ ਦੇ ਕਿਸੇ ਵੀ ਫਿਕਰਾਂ ਬਾਰੇ ਉਨ੍ਹਾਂ ਨਾਲ ਗੱਲ ਕਰੋ ਜਿਹੜੇ ਤੁਹਾਨੂੰ ਹੋ ਸਕਦੇ ਹਨ।
- ਰੁਜ਼ਗਾਰ ਦੇ ਰਾਹ ਵਿਚ ਸਭਿਆਚਾਰਕ, ਵਿਦਿਅਕ ਅਤੇ ਸਮਾਜਿਕ ਰੁਕਾਵਟਾਂ ਉਹ ਪੱਖ ਸਮਝੇ ਜਾ ਸਕਦੇ ਹਨ ਜਿਹੜੇ ਕੰਮ ਕਰਨ ਦੀ ਤੁਹਾਡੀ ਯੋਗਤਾ 'ਤੇ ਅਸਰ ਪਾਉਂਦੇ ਹਨ। ਕਿੱਤਿਆਂ ਦੀਆਂ ਹੋਰ ਕਿਸਮਾਂ ਲਈ ਦੁਬਾਰਾ ਸਿਖਲਾਈ ਲੈਣਾ ਤੁਹਾਡੇ ਲਈ ਕਿੰਨਾ ਕੁ ਯਥਾਰਥਕ ਹੈ? ਉਦਾਹਰਣ ਲਈ, ਜੇ ਤੁਹਾਡੇ ਕੋਲ ਕਿਸੇ ਇਸ ਤਰ੍ਹਾਂ ਦੀ ਜੌਬ ਲਈ ਸੀਮਤ ਬੋਲੀ ਹੈ ਜਿਸ ਲਈ ਬੋਲੀ ਦੇ ਤਕੜੇ ਹੁਨਰਾਂ ਦੀ ਲੋੜ ਹੈ।

- ਆਪਣੀ ਪਿਛਲੀ ਜੌਬ ਛੱਡਣ ਤੋਂ ਬਾਅਦ ਕੀ ਵਾਪਰਿਆ ਹੈ? ਜੇ ਤੁਸੀਂ ਕੰਮ ਨਾਲ ਸੰਬੰਧਿਤ ਹਲਕੇ ਕੰਮ ਕਰਨ ਜਾਂ ਦੁਬਾਰਾ ਟਰੇਨਿੰਗ ਲੈਣ ਦੀ ਕੋਸ਼ਿਸ਼ ਕੀਤੀ ਹੈ ਅਤੇ ਫੇਲ੍ਹ ਹੋ ਗਏ ਹੋ ਤਾਂ ਇਸ ਬਾਰੇ ਦੱਸਣਾ ਮਹੱਤਵਪੂਰਨ ਹੈ। ਭਾਵੇਂ ਤੁਹਾਡੇ ਕੋਲ ਹੁਨਰ ਹਨ, ਤੁਹਾਡੀ ਡਿਸਏਬਿਲਟੀ ਤੁਹਾਨੂੰ ਕੰਮ ਰੱਖਣ ਤੋਂ ਰੋਕਦੀ ਹੈ। ਤੀਜੀਆਂ ਧਿਰਾਂ, ਜਿਵੇਂ ਕਿ ਇਨਸਟਰੱਕਟਰ ਜਾਂ ਕੰਮ–ਮਾਲਕ, ਜਿਹੜੇ ਤੁਹਾਡੀਆਂ ਸਿਹਤ ਨਾਲ ਸੰਬੰਧਿਤ ਕੰਮ ਦੀਆਂ ਸੀਮਾਵਾਂ ਦੀ ਤਸਦੀਕ ਕਰ ਸਕਦੇ ਹੋਣ, ਉਨ੍ਹਾਂ ਤੋਂ ਹਿਮਾਇਤ ਦੀ ਚਿੱਠੀ ਮੰਗੀ ਜਾ ਸਕਦੀ ਹੈ।
- ਜਿਨ੍ਹਾਂ ਲੋਕਾਂ ਦੀਆਂ ਮੈਡੀਕਲ ਹਾਲਤਾਂ ਸਪਸ਼ਟ ਲੱਛਣਾਂ ਵਾਲੀਆਂ ਨਹੀਂ ਹੁੰਦੀਆਂ ਉਨ੍ਹਾਂ ਨੂੰ ਮੁਸ਼ਕਲ ਆ ਸਕਦੀ ਹੈ। ਸ਼ਬਦ "ਲੰਮਾ ਸਮਾਂ ਜਾਰੀ ਰਹਿਣਾ" ਦਾ ਅਰਥ ਇਹ ਹੈ ਕਿ ਹਾਲਤ ਟੈਂਪਰੇਰੀ ਨਾਲੋਂ ਜ਼ਿਆਦਾ ਸਮੇਂ ਵਾਲੀ ਹੋਣਾ ਜ਼ਰੂਰੀ ਹੈ। ਸੀ ਪੀ ਪੀ–ਡੀ ਦੇ ਯੋਗ ਹੋਣ ਲਈ, ਤੁਹਾਡੀ ਮੈਡੀਕਲ ਹਾਲਤ, ਘੱਟੋ ਘੱਟ ਇਹ ਸਾਬਤ ਕਰਨ ਵਾਲੀ ਹੋਣੀ ਚਾਹੀਦੀ ਹੈ ਕਿ ਤੁਸੀਂ ਅਨੁਮਾਨ ਲਾਉਣ ਯੋਗ ਅਤੇ ਵਾਜਬ ਸਮੇਂ ਦੇ ਵਿਚ ਵਿਚ ਕੰਮ 'ਤੇ ਵਾਪਸ ਜਾਣ ਦੇ ਅਯੋਗ ਹੋ।
- ਕੰਮ ਛੱਡਣ ਤੋਂ ਲੈ ਕੇ ਕੀ ਤੁਸੀਂ ਕਿਸੇ ਹੋਰ ਡਿਸਏਬਿਲਟੀ ਬੈਨੇਫਿਟਸ ਪ੍ਰੋਗਰਾਮਾਂ ਲਈ ਯੋਗ ਹੋਏ ਹੋ? ਭਾਵੇਂ ਕਿ ਕਿਸੇ ਇਕ ਡਿਸਏਬਿਲਟੀ ਪ੍ਰੋਗਰਾਮ ਲਈ ਯੋਗ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਆਪਣੇ ਆਪ ਹੀ ਕਿਸੇ ਹੋਰ ਪ੍ਰੋਗਰਾਮ ਲਈ ਯੋਗ ਹੋਵੋਗੇ, ਕਦੇ ਕਦੇ ਹੋਰ ਪ੍ਰੋਗਰਾਮਾਂ ਨਾਲ ਜੁੜੀਆਂ ਮੈਡੀਕਲ ਰਿਪੋਰਟਾਂ ਵਰਤੀਆਂ ਜਾ ਸਕਦੀਆਂ ਹਨ।
- ਡਿਸਏਬਿਲਟੀਜ਼ ਲੋਕਾਂ 'ਤੇ ਵੱਖ ਵੱਖ ਤਰੀਕਿਆਂ ਨਾਲ ਅਸਰ ਕਰਦੀਆਂ ਹਨ, ਭਾਵੇਂ ਕਿ ਲੱਛਣ ਇੱਕੋ ਜਿਹੇ ਹੀ ਹੋਣ। ਆਪਣੇ ਕੇਸ ਦੇ ਖਾਸ ਤੱਥਾਂ ਦਾ ਵੇਰਵਾ ਦੇਣਾ ਮਹੱਤਵਪੂਰਨ ਹੈ। ਉਦਾਹਰਣ ਲਈ, ਮੈਡੀਕਲ ਰਸਾਲਿਆਂ ਤੋਂ ਆਪਣੀ ਡਿਸਏਬਿਲਟੀ ਬਾਰੇ ਆਰਟੀਕਲ ਦਰਜ ਕਰਵਾਉਣਾ ਬਹੁਤ ਘੱਟ ਹੀ ਕੋਈ ਫਰਕ ਪਾਉਂਦੇ ਹਨ। ਉਨ੍ਹਾਂ ਖਾਸ ਚੀਜ਼ਾਂ ਬਾਰੇ ਗੱਲ ਕਰਨ ਵਾਲੀ ਕੋਈ ਮੈਡੀਕਲ ਚਿੱਠੀ ਦੇਣਾ ਕਿਤੇ ਜ਼ਿਆਦਾ ਮਦਦ ਕਰਨ ਵਾਲਾ ਹੈ ਜਿਹੜੀਆਂ ਤੁਸੀਂ ਆਪਣੀ ਡਿਸਏਬਿਲਟੀ ਕਰਕੇ ਨਹੀਂ ਕਰ ਸਕਦੇ।

ਕਦਮ 5 | ਮੈਡੀਕਲ ਚਿੱਠੀਆਂ ਲੈਣਾ

ਅਸੀਂ ਇਸ ਗਾਈਡ ਵਿਚ ਤੁਹਾਡੀ ਦੁਬਾਰਾ ਵਿਚਾਰ ਲਈ ਬੇਨਤੀ ਦੀ ਹਿਮਾਇਤ ਵਿਚ ਚੰਗੇ ਮੈਡੀਕਲ ਸਬੂਤ ਲੈਣ ਦੀ ਮਹੱਤਤਾ ਉੱਪਰ ਜੋਰ ਦਿੱਤਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਡਾਕਟਰਾਂ ਕੋਲ ਚਿੱਠੀਆਂ ਲਿਖਣ ਲਈ ਬਹੁਤਾ ਸਮਾਂ ਨਹੀਂ ਹੁੰਦਾ, ਅਤੇ ਉਹ ਅਜਿਹਾ ਕਰਨ ਲਈ ਫੀਸ ਚਾਰਜ ਕਰਨਗੇ। ਈ ਐੱਸ ਡੀ ਸੀ ਸਿਰਫ ਉਨ੍ਹਾਂ ਮੈਡੀਕਲ ਚਿੱਠੀਆਂ ਲਈ ਖਰਚਾ ਦੇਵੇਗੀ ਜਿਨ੍ਹਾਂ ਦੀ ਉਹ ਮੰਗ ਕਰਦੀ ਹੈ, ਅਤੇ ਉਨ੍ਹਾਂ ਚਿੱਠੀਆਂ ਲਈ ਨਹੀਂ ਜਿਹੜੀਆਂ ਤੁਸੀਂ ਲੈਂਦੇ ਹੋ।

ਇਸ ਕਰਕੇ, ਜੇ ਤੁਹਾਡਾ ਡਾਕਟਰ ਚਿੱਠੀ ਦੇਣ ਲਈ ਸਹਿਮਤ ਹੁੰਦਾ ਹੈ ਤਾਂ ਇਹ ਬਹੁਤ ਜ਼ਿਆਦਾ ਜ਼ਰੂਰੀ ਹੈ ਕਿ ਚਿੱਠੀ ਵਿਚ ਸਹੀ ਕਿਸਮ ਦੀ ਜਾਣਕਾਰੀ ਹੋਵੇ। **ਖਾਸ ਤੌਰ 'ਤੇ, ਇਹ ਜ਼ਰੂਰੀ ਹੈ ਕਿ ਤੁਹਾਡਾ ਡਾਕਟਰ ਤੁਹਾਡੀ ਐਪਲੀਕੇਸ਼ਨ ਵਿਚਲੀਆਂ ਘਾਟਾਂ ਦਾ ਹੱਲ ਕਰੇ, ਜਿਨ੍ਹਾਂ ਦੀ ਈ ਐੱਸ ਡੀ ਸੀ ਦੀ ਨਾਂਹ ਵਾਲੀ ਚਿੱਠੀ ਵਿਚ ਪਛਾਣ ਕੀਤੀ ਗਈ ਹੈ।**

ਤੁਹਾਨੂੰ ਸਪਸ਼ਟ ਤੌਰ 'ਤੇ ਦੱਸਦੇ ਹੋਏ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਜਾਂ ਉਸ ਨੂੰ ਲਿਖਣਾ ਚਾਹੀਦਾ ਹੈ ਕਿ ਤੁਹਾਨੂੰ ਲੋੜ ਹੈ ਕਿ ਉਹ ਉਨ੍ਹਾਂ ਖਾਸ ਪੋਆਇੰਟਾਂ ਦਾ ਹੱਲ ਕਰਨ ਵਾਲੀ ਚਿੱਠੀ ਲਿਖਣ ਜਿਨ੍ਹਾਂ ਦੇ ਆਧਾਰ 'ਤੇ ਈ ਐੱਸ ਡੀ ਸੀ ਨੇ ਆਪਣੀ ਨਾਂਹ ਕੀਤੀ ਹੈ। ਜੇ ਸੰਭਵ ਹੋਵੇ ਤਾਂ ਤੁਹਾਨੂੰ ਆਪਣੇ ਡਾਕਟਰ ਨੂੰ ਨਾਂਹ ਕਰਨ ਵਾਲੀ ਚਿੱਠੀ ਦਿਖਾਉਣੀ ਚਾਹੀਦੀ ਹੈ।

ਮੰਗੀ ਜਾਣ ਵਾਲੀ ਚਿੱਠੀ ਦੇ ਨਮੂਨੇ ਲਈ ਕਿਰਪਾ ਕਰਕੇ ਇਸ ਗਾਈਡ ਦੇ ਸਫ਼ਾ 19 'ਤੇ ਅੰਤਿਕਾ ਡੀ ਦੇਖੋ ਜਿਸ ਦੀ ਵਰਤੋਂ ਤੁਸੀਂ ਆਪਣੇ ਡਾਕਟਰ ਨੂੰ ਲਿਖਣ ਲਈ ਕਰ ਸਕਦੇ ਹੋ।

ਤੁਹਾਨੂੰ ਮਦਦ ਦੀ ਚਿੱਠੀ ਲਈ ਕਿਸ ਡਾਕਟਰ (ਡਾਕਟਰਾਂ) ਨੂੰ ਪੁੱਛਣਾ ਚਾਹੀਦਾ ਹੈ?

ਜਨਰਲ ਪ੍ਰੈਕਟੀਸ਼ਨਰ ਜਾਂ ਫੈਮਿਲੀ ਡਾਕਟਰ (ਜੀ ਪੀ)

ਆਪਣੇ ਫੈਮਿਲੀ ਡਾਕਟਰ ਤੋਂ ਜਾਣਕਾਰੀ ਦਾ ਫਾਇਦਾ ਇਹ ਹੈ ਕਿ ਉਹ ਸ਼ਾਇਦ ਤੁਹਾਨੂੰ ਕਿਸੇ ਸਪੈਸ਼ਲਿਸਟ ਨਾਲੋਂ ਬਿਹਤਰ ਜਾਣਦਾ ਹੈ। ਇਸ ਦੇ ਨਾਲ ਹੀ, ਜੇ ਤੁਹਾਡੀ ਕੋਈ ਇਕ ਨਾਲੋਂ ਜ਼ਿਆਦਾ ਸਮੱਸਿਆ ਹੈ ਤਾਂ ਤੁਹਾਡੇ ਜੀ ਪੀ ਨੂੰ ਇਸ ਗੱਲ ਦੀ ਸਭ ਤੋਂ ਬਿਹਤਰ ਸਮਝ ਹੋ ਸਕਦੀ ਹੈ ਕਿ ਤੁਹਾਡੀਆਂ ਡਿਸਏਬਿਲਟੀਜ਼ ਦਾ ਸੁਮੇਲ ਕਿਵੇਂ ਤੁਹਾਡੀ ਰੋਜ਼ਾਨਾ ਜ਼ਿੰਦਗੀ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾ ਰਿਹਾ ਹੈ। ਨੁਕਸਾਨ ਇਹ ਹੈ ਕਿ ਈ ਐੱਸ ਡੀ ਸੀ ਕਦੇ ਕਦੇ ਜੀ ਪੀ ਦੀ ਰਾਇ ਨੂੰ ਰੱਦ ਕਰ ਦੇਵੇਗੀ ਜੇ ਕਿਸੇ ਸਪੈਸ਼ਲਿਸਟ ਵਲੋਂ ਵੱਖਰੀ ਰਾਇ ਦਿੱਤੀ ਗਈ ਹੈ।

ਸਪੈਸ਼ਲਿਸਟ

ਤੁਹਾਡੇ ਕੇਸ ਵਿਚ ਸ਼ਾਮਲ ਕਿਸੇ ਸਪੈਸ਼ਲਿਸਟ (ਜਿਵੇਂ ਨਿਊਰੋਲੋਜਿਸਟ, ਸਾਇਕਐਟਰਿਸਟ, ਰੂਮੋਟੋਲੋਜਿਸਟ) ਤੋਂ ਤਾਜ਼ਾ ਜਾਣਕਾਰੀ ਲੈਣਾ ਜ਼ਰੂਰੀ ਹੈ। ਕਿਸੇ ਸਪੈਸ਼ਲਿਸਟ ਦੀ ਰਾਇ ਨੂੰ ਤੁਹਾਡੇ ਫੈਮਿਲੀ ਡਾਕਟਰ ਦੀ ਰਾਇ ਨਾਲੋਂ ਅਕਸਰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਕੋਲ ਜ਼ਿਆਦਾ ਡੂੰਘਿਆਈ ਵਾਲਾ ਗਿਆਨ ਹੈ। ਸਮੱਸਿਆ ਇਹ ਹੈ ਕਿ ਸਪੈਸ਼ਲਿਸਟ ਤੁਹਾਨੂੰ ਬਹੁਤੀ ਚੰਗੀ ਤਰ੍ਹਾਂ ਨਾ ਜਾਣਦਾ ਹੋ ਸਕਦਾ ਹੈ ਜੇ ਤੁਸੀਂ ਉਸ ਕੋਲ ਦੋ ਕੁ ਵਾਰੀ ਹੀ ਗਏ ਹੋ। ਸਪੈਸ਼ਲਿਸਟ ਕਈ ਹਾਲਤਾਂ ਵਿੱਚੋਂ ਸਿਰਫ ਇਕ ਹਾਲਤ 'ਤੇ ਹੀ ਟਿੱਪਣੀ ਕਰਨ ਦੇ ਯੋਗ ਹੋ ਸਕਦਾ ਹੈ। ਉਦਾਹਰਣ ਲਈ, ਕਿਸੇ ਸਾਇਕਐਟਰਿਸਟ ਨੂੰ ਕਿਸੇ ਸਰੀਰਕ ਹਾਲਤ ਦੇ ਸੰਬੰਧ ਵਿਚ ਜਾਣਕਾਰੀ ਹੋਣ ਦੀ ਸੰਭਾਵਨਾ ਨਹੀਂ ਹੋ ਸਕਦੀ ਹੈ।

ਇਕ ਚੋਣ ਆਪਣੇ ਸਾਰੇ ਡਾਕਟਰਾਂ ਤੋਂ ਮਦਦ ਦੀਆਂ ਚਿੱਠੀਆਂ ਮੰਗਣਾ ਹੈ। ਇਕ ਹੋਰ ਚੋਣ ਆਪਣੇ ਜੀ ਪੀ ਨੂੰ ਇਹ ਬਿਆਨ ਕਰਨ ਵਾਲੀ ਚਿੱਠੀ ਲਿਖਣ ਲਈ ਪੁੱਛਣਾ ਹੈ ਕਿ ਕਿਵੇਂ ਤੁਹਾਡੀਆਂ ਵੱਖ ਵੱਖ ਹਾਲਤਾਂ ਰਲ ਕੇ ਤੁਹਾਨੂੰ ਪੱਕੀ ਤਰ੍ਹਾਂ ਫਾਇਦੇਮੰਦ ਰੁਜ਼ਗਾਰ ਲੱਭਣ ਤੋਂ ਰੋਕਦੀਆਂ ਹਨ। ਜੇ ਤੁਸੀਂ ਆਪਣੇ ਜੀ ਪੀ ਨੂੰ ਚਿੱਠੀ ਲਿਖਣ ਲਈ ਕਹਿੰਦੇ ਹੋ ਤਾਂ ਇਹ ਮਦਦ ਕਰਨ ਵਾਲਾ ਹੈ ਜੇ ਜੀ ਪੀ ਤੁਹਾਡੇ ਸਪੈਸ਼ਲਿਸਟਾਂ ਦੀਆਂ ਰਿਪੋਰਟਾਂ 'ਤੇ ਵਿਚਾਰ ਕਰਦਾ ਹੈ, ਅਤੇ ਚਿੱਠੀ ਵਿਚ ਇਹ ਜ਼ਿਕਰ ਕਰ ਸਕਦਾ ਹੈ ਕਿ ਉਸ ਨੇ ਇਹ ਕੀਤਾ ਹੈ।

ਅਸੀਂ ਸਲਾਹ ਦਿੰਦੇ ਹਾਂ ਕਿ ਚਿੱਠੀ ਲਿਖੇ ਜਾਣ ਤੋਂ ਪਹਿਲਾਂ ਤੁਸੀਂ ਆਪਣੇ ਡਾਕਟਰ (ਡਾਕਟਰਾਂ) ਨਾਲ ਗੱਲ ਕਰੋ। ਇਹ ਪਤਾ ਕਰੋ ਕਿ ਕੀ ਉਹ ਉੱਪਰ ਦਿੱਤੀ ਜਾਣਕਾਰੀ ਦੇ ਸਕਦੇ ਹਨ ਅਤੇ ਕੀ ਉਹ ਸੀ ਪੀ ਪੀ–ਡੀ ਲਈ ਤੁਹਾਡੀ ਐਪਲੀਕੇਸ਼ਨ ਦੀ ਹਿਮਾਇਤ ਕਰਦੇ ਹਨ ਜਾਂ ਨਹੀਂ। ਇਹ ਪਤਾ ਲਾਉ ਕਿ ਇਸ ਦਾ ਕਿੰਨਾ ਖਰਚਾ ਹੋਵੇਗਾ ਅਤੇ ਉਨ੍ਹਾਂ ਨੂੰ ਚਿੱਠੀ ਲਿਖਣ ਲਈ ਕਿੰਨਾ ਸਮਾਂ ਲੱਗੇਗਾ।

ਜੇ ਤੁਹਾਡਾ ਕੋਈ ਵੀ ਡਾਕਟਰ ਮਦਦ ਕਰਨ ਵਾਲਾ ਨਹੀਂ ਹੈ ਤਾਂ ਮੈਡੀਕਲ ਚਿੱਠੀ ਮੰਗਣ ਦਾ ਕੋਈ ਮਤਲਬ ਨਹੀਂ ਹੈ ਅਤੇ ਤੁਸੀਂ ਕਿਸੇ ਐਡਵੋਕੇਟ (ਵਕੀਲ) ਦੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ।

ਨੋਟ | ਸੀ ਪੀ ਪੀ ਸਿਰਫ ਮੰਗੀਆਂ ਗਈਆਂ ਚਿੱਠੀਆਂ ਦਾ ਖਰਚਾ ਹੀ ਦੇਵੇਗੀ। ਮਦਦ ਦੀਆਂ ਚਿੱਠੀਆਂ ਮੰਗਣ ਤੋਂ ਪਹਿਲਾਂ ਹੋਣ ਵਾਲੇ ਖਰਚੇ ਬਾਰੇ ਆਪਣੇ ਡਾਕਟਰ ਤੋਂ ਪੁੱਛੋ। ਤੁਸੀਂ ਸੀ ਪੀ ਪੀ ਨੂੰ ਡਾਕਟਰ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ ਜੇ ਤੁਹਾਨੂੰ ਯਕੀਨ ਹੈ ਕਿ ਕੋਈ ਅਜਿਹੀ ਜਾਣਕਾਰੀ ਹੈ ਜਿਹੜੀ ਉਹ ਡਾਕਟਰ ਦੇ ਸਕਦਾ ਹੈ।

ਕਦਮ 6 | ਮਦਦ ਕਰਨ ਵਾਲੇ ਹੋਰ ਪੇਪਰ ਅਤੇ ਤੁਹਾਡੀ ਆਪਣੀ ਚਿੱਠੀ

ਆਪਣੇ ਡਾਕਟਰਾਂ ਤੋਂ ਚਿੱਠੀਆਂ ਦੇ ਇਲਾਵਾ, ਤੁਸੀਂ ਹੋਰ ਸਿਹਤ ਮਾਹਰਾਂ ਤੋਂ ਚਿੱਠੀਆਂ ਵੀ ਈ ਐੱਸ ਡੀ ਸੀ ਨੂੰ ਦੇ ਸਕਦੇ ਹੋ ਜਿਹੜੇ ਤੁਹਾਡੇ ਇਲਾਜ ਅਤੇ ਸੰਭਾਲ ਵਿਚ ਸ਼ਾਮਲ ਰਹੇ ਹਨ। ਉਦਾਹਰਣ ਲਈ, ਤੁਸੀਂ ਫਿਜ਼ੀਓਥੈਰੇਪਿਸਟਾਂ, ਮੈਂਟਲ ਹੈਲਥ ਵਰਕਰਾਂ, ਨਰਸਾਂ, ਪੋਡਾਇਟਰਿਸਟਸ ਅਤੇ ਸਾਇਕੋਲੋਜਿਸਟਾਂ ਆਦਿ ਤੋਂ ਚਿੱਠੀਆਂ ਲਈ ਬੇਨਤੀ ਕਰ ਸਕਦੇ ਹੋ। ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਢੁਕਵੀਂ ਜਾਣਕਾਰੀ ਦੇ ਸਕਦੇ ਹਨ ਜਿਹੜੀ ਤੁਹਾਡੀ ਅਪੀਲ ਵਿਚ ਮਦਦ ਕਰ ਸਕਦੀ ਹੈ।

ਤੁਸੀਂ ਈ ਐੱਸ ਡੀ ਸੀ ਨੂੰ ਪਿਛਲੇ ਕੰਮ–ਮਾਲਕਾਂ ਅਤੇ ਵੋਕੇਸ਼ਨਲ ਰੀਹੈਬਲੀਟੇਸ਼ਨ ਦੇ ਅਮਲੇ ਤੋਂ ਚਿੱਠੀਆਂ ਵੀ ਦੇ ਸਕਦੇ ਹੋ, ਜਿਹੜੇ ਇਹ ਟਿੱਪਣੀ ਕਰਨ ਦੇ ਯੋਗ ਹੋ ਸਕਦੇ ਹਨ ਕਿ ਤੁਹਾਡੀ ਡਿਸਏਬਿਲਟੀ ਕਿਵੇਂ ਕੰਮ ਲੱਭਣ ਅਤੇ ਕਾਇਮ ਰੱਖਣ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ।

ਜੇ ਤੁਸੀਂ ਕਿਸੇ ਹੋਰ ਡਿਸਏਬਿਲਟੀ ਬੈਨੇਫਿਟਸ ਪ੍ਰੋਗਰਾਮਾਂ ਲਈ ਅਪਲਾਈ ਕੀਤਾ ਹੈ ਤਾਂ ਉਨ੍ਹਾਂ ਨਾਲ ਸੰਬੰਧਿਤ ਪੇਪਰ ਦਰਜ ਕਰਵਾਉਣਾ ਵੀ ਮਦਦ ਕਰਨ ਵਾਲਾ ਹੋ ਸਕਦਾ ਹੈ। ਇਸ ਦੇ ਚੁਕਵੇਂਪਣ ਜਾਂ ਕਿਸੇ ਵੀ ਅਜਿਹੀ ਜਾਣਕਾਰੀ 'ਤੇ ਵਿਚਾਰ ਕਰਨਾ ਯਾਦ ਰੱਖੋ ਜਿਹੜੀ ਤੁਹਾਡੀ ਅਪੀਲ 'ਤੇ ਸ਼ੱਕ ਕਰਨ ਲਈ ਵਰਤੀ ਜਾ ਸਕਦੀ ਹੈ। ਉਨ੍ਹਾਂ ਪੇਪਰਾਂ ਦੀ ਵਰਤੋਂ ਨਾ ਕਰੋ ਜਿਨ੍ਹਾਂ ਵਿਚ ਗੈਰ–ਮਦਦਗਾਰ ਜਾਂ ਉਲਝਾਉਣ ਵਾਲੀ ਜਾਣਕਾਰੀ ਹੁੰਦੀ ਹੈ।

ਅੰਤ ਵਿਚ, ਤੁਸੀਂ ਪਰਿਵਾਰ ਅਤੇ ਦੋਸਤਾਂ ਨੂੰ ਵੀ ਚਿੱਠੀਆਂ ਦੇਣ ਲਈ ਕਹਿ ਸਕਦੇ ਹੋ, ਜੇ ਉਹ ਖਾਸ ਤੌਰ 'ਤੇ ਇਹ ਟਿੱਪਣੀ ਕਰਨ ਦੀ ਸਥਿਤੀ ਵਿਚ ਹੋਣ ਕਿ ਕਿਵੇਂ ਤੁਹਾਡੀ ਡਿਸਏਬਿਲਟੀ ਫਾਇਦੇਮੰਦ ਕੰਮ ਲੱਭਣ ਅਤੇ ਕਾਇਮ ਰੱਖਣ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀ ਹੈ।

ਆਪਣੇ ਡਾਕਟਰ ਅਤੇ ਮਦਦ ਕਰਨ ਵਾਲੇ ਹੋਰ ਲੋਕਾਂ ਤੋਂ ਚਿੱਠੀਆਂ ਲੈ ਲੈਣ ਤੋਂ ਬਾਅਦ, ਆਪਣੀ ਖੁਦ ਦੀ ਵਿਆਖਿਆ ਕਰਨ ਵਾਲੀ ਚਿੱਠੀ ਲਿਖਣਾ ਵੀ ਇਕ ਚੰਗਾ ਖਿਆਲ ਹੈ। ਆਪਣੀ ਚਿੱਠੀ ਵਿਚ ਤੁਸੀਂ ਇਹ ਦੇ ਸਕਦੇ ਹੋ:

- ਆਪਣੀ ਡਿਸਏਬਿਲਟੀ ਦਾ ਤੁਹਾਡਾ ਨਿੱਜੀ ਤਜਰਬਾ, ਜਿਸ ਵਿਚ ਤੁਹਾਡੇ ਲੱਛਣ ਅਤੇ ਤੁਹਾਡੇ ਵਲੋਂ ਕਰਵਾ ਕੇ ਦੇਖੇ ਗਏ ਇਲਾਜ ਵੀ ਸ਼ਾਮਲ ਹਨ
- ਇਕ ਆਮ ਦਿਨ ਦਾ ਖਾਕਾ ਅਤੇ ਉਨ੍ਹਾਂ ਸੀਮਾਵਾਂ ਦੀਆਂ ਉਦਾਹਰਣਾਂ ਜਿਨ੍ਹਾਂ ਨਾਲ ਤੁਸੀਂ ਰਹਿੰਦੇ ਹੋ, ਅਤੇ
- ਇਹ ਉਦਾਹਰਣਾਂ ਕਿ ਤੁਹਾਡੀ ਡਿਸਏਬਿਲਟੀ ਨੇ ਕੰਮ ਨਾਲ ਸੰਬੰਧਿਤ ਸਰਗਰਮੀਆਂ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਇਆ ਹੈ।

ਕਦਮ 7 | ਦੁਬਾਰਾ ਵਿਚਾਰ ਲਈ ਆਪਣੀ ਜਾਣਕਾਰੀ ਨੂੰ ਇਕੱਤਰ ਕਰਨਾ

ਦੁਬਾਰਾ ਵਿਚਾਰ ਲਈ ਆਪਣੀ ਬੇਨਤੀ ਦੇ ਹੱਕ ਵਿਚ ਜਿਹੜੀ ਜਾਣਕਾਰੀ ਤੁਸੀਂ ਭੇਜਣੀ ਹੈ ਉਸ ਵਿਚ ਤੁਹਾਡੀ ਡਿਸਏਬਿਲਟੀ ਦੇ ਤੱਥਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ, ਅਤੇ ਇਸ ਜਾਣਕਾਰੀ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਤੁਸੀਂ ਡਿਸਏਬਿਲਟੀ ਦੇ ਮਾਪਦੰਡ ਪੂਰੇ ਕਰਦੇ ਹੋ ਜਿਵੇਂ ਕੈਨੇਡਾ ਪੈਨਸ਼ਨ ਪਲੈਨ ਵਿਚ ਪਰਿਭਾਸ਼ਾ ਦਿੱਤੀ ਗਈ ਹੈ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਤੁਸੀਂ ਅੱਗੇ ਦਿੱਤੀ ਕੋਈ ਵੀ ਜਾਂ ਸਾਰੀ ਜਾਣਕਾਰੀ ਭੇਜਣਾ ਚਾਹੁੰਦੇ ਹੋ ਸਕਦੇ ਹੋ:

- ਤੁਹਾਡੇ ਵਲੋਂ ਵਿਆਖਿਆ ਕਰਨ ਵਾਲੀ ਚਿੱਠੀ (ਕਵਰਿੰਗ ਲੈਟਰ)
- ਡਾਕਟਰਾਂ ਤੋਂ ਚਿੱਠੀਆਂ
- ਹੋਰ ਸਿਹਤ ਮਾਹਰਾਂ ਤੋਂ ਚਿੱਠੀਆਂ
- ਪਿਛਲੇ ਕੰਮ–ਮਾਲਕਾਂ, ਜਾਂ ਵੋਕੇਸ਼ਨਲ ਰੀਹੈਬਲੀਟੇਸ਼ਨ ਦੇ ਅਮਲੇ ਤੋਂ ਚਿੱਠੀਆਂ
- ਹੋਰ ਡਿਸਏਬਿਲਟੀ ਬੈਨੇਫਿਟਸ ਬਾਰੇ ਪੇਪਰ ਜਿਹੜੇ ਤੁਹਾਨੂੰ ਮਿਲ ਰਹੇ ਹੋ ਸਕਦੇ ਹਨ, ਅਤੇ
- ਦੋਸਤਾਂ ਅਤੇ ਪਰਿਵਾਰ ਤੋਂ ਚਿੱਠੀਆਂ।

ਕਾਮਯਾਬ ਹੋਣ ਦੇ ਸਭ ਤੋਂ ਬਿਹਤਰ ਮੌਕੇ ਲਈ, ਤੁਸੀਂ ਇਹ ਕੀਤਾ ਹੋਣਾ ਚਾਹੀਦਾ ਹੈ:

- ਨਾਂਹ ਦੀ ਚਿੱਠੀ ਮਿਲਣ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਈ ਐੱਸ ਡੀ ਸੀ ਨੂੰ ਇਹ ਦੱਸਣ ਵਾਲੀ ਚਿੱਠੀ ਭੇਜੇ ਹੋਣਾ ਕਿ ਤੁਸੀਂ ਫੈਸਲੇ ਵਿਰੁੱਧ ਅਪੀਲ ਕਰਨਾ ਚਾਹੁੰਦੇ ਹੋ।
- ਆਪਣੀ ਸੀ ਪੀ ਪੀ–ਡੀ ਫਾਇਲ ਮੰਗੀ ਹੋਣਾ ਅਤੇ ਇਸ 'ਤੇ ਵਿਚਾਰ ਕੀਤਾ ਹੋਣਾ।
- ਡਾਕਟਰਾਂ ਤੋਂ ਚਿੱਠੀਆਂ ਲਏ ਹੋਣਾ ਜਿਹੜੀਆਂ ਮੈਡੀਕਲ ਕਾਰਨ ਦੱਸਦੀਆਂ ਹਨ ਕਿ ਤੁਹਾਡੀ ਡਿਸਏਬਿਲਟੀ ਸਖਤ ਅਤੇ ਲੰਮਾ ਸਮਾਂ ਰਹਿਣ ਵਾਲੀ ਕਿਉਂ ਹੈ।
- ਜਿੱਥੇ ਵੀ ਸੰਭਵ ਹੋਵੇ, ਮਦਦ ਕਰਨ ਵਾਲੀਆਂ ਹੋਰ ਚਿੱਠੀਆਂ ਸ਼ਾਮਲ ਕੀਤੇ ਹੋਣਾ, ਜਿਹੜੀਆਂ ਤੁਹਾਡੀ ਡਿਸਏਬਿਲਟੀ ਦੇ ਪੂਰੇ ਖੇਤਰ ਦਾ ਵਰਣਨ ਕਰਦੀਆਂ ਹਨ।
- ਆਪਣੇ ਖੁਦ ਦੇ ਸ਼ਬਦਾਂ ਵਿਚ ਚਿੱਠੀ ਲਿਖੇ ਹੋਣਾ ਜਿਹੜੀ ਇਹ ਬਿਆਨ ਕਰਦੀ ਹੈ ਕਿ ਤੁਹਾਡੀ ਹਾਲਤ ਕਿਵੇਂ ਰੋਜ਼ਮਰਾ ਦੀ ਤੁਹਾਡੀ ਜ਼ਿੰਦਗੀ 'ਤੇ ਅਸਰ ਪਾਉਂਦੀ ਹੈ ਅਤੇ ਕੰਮ ਕਰਨ ਦੀ ਤੁਹਾਡੀ ਸਮਰੱਥਾ ਨੂੰ ਸੀਮਤ ਕਰਦੀ ਹੈ।

ਪੈਕੇਜ ਭੇਜਣ ਤੋਂ ਪਹਿਲਾਂ, ਆਪਣੇ ਰਿਕਾਰਡਾਂ ਲਈ ਸਾਰੇ ਪੇਪਰਾਂ ਦੀ ਕਾਪੀ ਕਰੋ। ਆਪਣੇ ਪੇਪਰ ਰਜਿਸਟਰਡ ਡਾਕ ਰਾਹੀਂ ਭੇਜਣਾ ਵੀ ਇਕ ਚੰਗਾ ਖਿਆਲ ਹੈ। ਇਹ ਲਿਖ ਲਉ ਕਿ ਤੁਸੀਂ ਪੈਕੇਜ ਡਾਕ ਰਾਹੀਂ ਕਦੋਂ ਭੇਜਿਆ ਹੈ, ਅਤੇ ਇਹ ਇਸ ਐਡਰੈਸ ਨੂੰ ਭੇਜੋ:

CPP Applications and Appeals Division
Service Canada
BC & Yukon Region
PO Box 1177, Station CSC
Victoria, BC
V8W 2V2

ਆਪਣੀ ਬੇਨਤੀ ਭੇਜਣ ਤੋਂ ਬਾਅਦ

ਆਪਣੀ ਦੁਬਾਰਾ ਵਿਚਾਰ ਲਈ ਬੇਨਤੀ ਭੇਜਣ ਤੋਂ ਬਾਅਦ, ਤੁਹਾਨੂੰ ਫੈਸਲੇ ਲਈ ਕੁਝ ਮਹੀਨੇ ਉਡੀਕ ਕਰਨੀ ਪਵੇਗੀ। ਇਸ ਸਮੇਂ ਦੌਰਾਨ ਤੁਸੀਂ ਕੋਈ ਹੋਰ ਜਾਣਕਾਰੀ ਭੇਜ ਸਕਦੇ ਹੋ, ਖਾਸ ਕਰਕੇ ਜੇ ਤੁਹਾਡੀ ਹਾਲਤ ਵਿਚ ਕੋਈ ਤਬਦੀਲੀ ਹੁੰਦੀ ਹੈ।

ਈ ਐੱਸ ਡੀ ਸੀ ਤੁਹਾਨੂੰ ਉਨ੍ਹਾਂ ਦੀ ਪਸੰਦ ਦੇ ਕਿਸੇ ਡਾਕਟਰ ਕੋਲ ਜਾਣ ਲਈ ਵੀ ਕਹਿ ਸਕਦੀ ਹੈ ਜਾਂ ਨਵੀਂ ਜਾਣਕਾਰੀ ਮੰਗ ਸਕਦੀ ਹੈ।

ਇਨ੍ਹਾਂ ਮੰਗਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ; ਜੇ ਤੁਸੀਂ ਅਣਡਿੱਠ ਕਰਦੇ ਹੋ ਤਾਂ ਤੁਸੀਂ ਆਪਣੀ ਅਪੀਲ ਖਤਰੇ ਵਿਚ ਪਾਉਂਦੇ ਹੋ।

ਈ ਐੱਸ ਡੀ ਸੀ ਤੁਹਾਨੂੰ ਇਹ ਦੱਸਣ ਵਾਲੀ ਇਕ ਚਿੱਠੀ ਭੇਜੇਗੀ ਕਿ ਕੀ ਤੁਹਾਡੀ ਅਪੀਲ ਪ੍ਰਵਾਨ ਕਰ ਲਈ ਗਈ ਹੈ ਜਾਂ ਰੱਦ ਕਰ ਦਿੱਤੀ ਗਈ ਹੈ।

ਜੇ ਦੁਬਾਰਾ ਵਿਚਾਰ ਲਈ ਤੁਹਾਡੀ ਬੇਨਤੀ ਕਾਮਯਾਬ ਹੋ ਜਾਂਦੀ ਹੈ

ਵਧਾਈਆਂ! ਤੁਸੀਂ ਬੀਤੇ ਸਮੇਂ ਤੋਂ ਪੇਮੈਂਟ ਮਿਲਣ ਦੀ ਉਮੀਦ ਕਰ ਸਕਦੇ ਹੋ ਜਿਹੜੀ ਕਿ ਪਿੱਛੇ ਦੀ ਉਸ ਤਾਰੀਕ ਤੋਂ ਹੁੰਦੀ ਹੈ ਜਿਸ ਸਮੇਂ ਤੋਂ ਸੀ ਪੀ ਪੀ ਵਲੋਂ ਤੁਹਾਡੀ ਡਿਸਏਬਿਲਟੀ ਪ੍ਰਵਾਨ ਕੀਤੀ ਗਈ ਸੀ। ਆਮ ਤੌਰ 'ਤੇ, ਇਹ ਚੈੱਕ ਕੁਝ ਹਜ਼ਾਰ ਡਾਲਰਾਂ ਦਾ ਹੁੰਦਾ ਹੈ। ਤੁਸੀਂ ਮਹੀਨਾਵਾਰ ਸੀ ਪੀ ਪੀ–ਡੀ ਲੈਣ ਦੇ ਵੀ ਹੱਕਦਾਰ ਹੁੰਦੇ ਹੋ। ਇਹ ਰਕਮ ਤੁਹਾਡੇ ਵਲੋਂ ਪਲੈਨ ਵਿਚ ਪਾਏ ਗਏ ਯੋਗਦਾਨਾਂ ਦੇ ਆਧਾਰ 'ਤੇ ਹੋਵੇਗੀ। ਯਾਦ ਰੱਖੋ, ਸੀ ਪੀ ਪੀ ਬੈਨੇਫਿਟਸ 'ਤੇ ਟੈਕਸ ਦੇਣਾ ਪੈਂਦਾ ਹੈ। ਤੁਸੀਂ ਚਾਹੁੰਦੇ ਹੋ ਸਕਦੇ ਹੋ ਕਿ ਈ ਐੱਸ ਡੀ ਸੀ ਤੁਹਾਡੇ ਟੈਕਸਾਂ ਲਈ ਕੁਝ ਰਕਮ ਕੱਟਦੀ ਰਹੇ।

ਜੇ ਦੁਬਾਰਾ ਵਿਚਾਰ ਲਈ ਤੁਹਾਡੀ ਬੇਨਤੀ ਕਾਮਯਾਬ ਨਹੀਂ ਹੁੰਦੀ ਹੈ

ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਤੁਹਾਡੀ ਅਪੀਲ ਦੁਬਾਰਾ ਵਿਚਾਰ ਕਰਨ ਲਈ ਬੇਨਤੀ ਦੇ ਪੱਧਰ 'ਤੇ ਕਾਮਯਾਬ ਨਹੀਂ ਹੋਈ ਸੀ। ਇਹ ਗਾਈਡ ਕਿਉਂਕਿ ਸਿਰਫ ਦੁਬਾਰਾ ਵਿਚਾਰ 'ਤੇ ਹੀ ਧਿਆਨ ਦਿੰਦੀ ਹੈ, ਅਸੀਂ ਇਹ ਸਲਾਹ ਦਿੰਦੇ ਹਾਂ ਕਿ ਅੱਗੇ ਕਾਰਵਾਈ ਕਰਨ ਦਾ ਸਭ ਤੋਂ ਬਿਹਤਰ ਤਰੀਕਾ ਲੱਭਣ ਲਈ ਤੁਸੀਂ ਕਿਸੇ ਐਡਵੋਕੇਟ (ਹਿਮਾਇਤੀ) ਜਾਂ ਵਕੀਲ ਦੀ ਸਲਾਹ ਲਉ। ਅਪੀਲ ਦੇ ਅਗਲੇ ਪੱਧਰ 'ਤੇ ਕਿਵੇਂ ਜਾਣਾ ਹੈ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਟ੍ਰਿਬਿਊਨਲ ਗਾਈਡ ਦੇਖੋ।

ਯਾਦ ਰੱਖੋ, ਤੁਹਾਨੂੰ ਸੋਸ਼ਲ ਸਕਿਉਰਟੀ ਟ੍ਰਿਬਿਊਨਲ (ਐੱਸ ਐੱਸ ਟੀ) ਕੋਲ ਅਪੀਲ ਕਰਨ ਦਾ ਹੱਕ ਹੈ। ਤੁਹਾਡੀ ਅਪੀਲ ਦੁਬਾਰਾ ਵਿਚਾਰ ਲਈ ਬੇਨਤੀ ਦੇ ਨਤੀਜੇ ਮਿਲਣ ਤੋਂ ਬਾਅਦ ਦੇ 90 ਦਿਨਾਂ ਦੇ ਵਿਚ ਵਿਚ ਦਰਜ ਕਰਵਾਈ ਜਾਣੀ ਜ਼ਰੂਰੀ ਹੈ।

ਅੰਤਿਕਾ ਏ। ਸੀ ਪੀ ਪੀ–ਡੀ ਲਈ ਯੋਗ ਹੋਣ ਲਈ ਲੋੜੀਂਦੇ ਯੋਗਦਾਨ

ਸੀ ਪੀ ਪੀ–ਡੀ ਦੇ ਯੋਗ ਹੋਣ ਲਈ, ਤੁਹਾਡੇ ਲਈ ਚੁਕਵੇਂ ਸਮੇਂ ਲਈ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਲਈ ਯੋਗਦਾਨ ਪਾਇਆ ਜਾਂ ਇਸ ਲਈ ਪੈਸੇ ਦਿੱਤਾ ਹੋਣਾ ਜ਼ਰੂਰੀ ਹੈ।

ਮਿਨੀਮਮ ਕੁਆਲੀਫਾਇੰਗ ਪੀਰੀਅਡ (ਐੱਮ ਕਿਊ ਪੀ)

ਐੱਮ ਕਿਊ ਪੀ ਉਹ ਘੱਟ ਤੋਂ ਘੱਟ ਸਮਾਂ ਹੈ ਜਿਸ ਲਈ ਤੁਸੀਂ ਸੀ ਪੀ ਪੀ–ਡੀ ਬੈਨੇਫਿਟਸ ਲਈ ਯੋਗ ਹੋਣ ਵਾਸਤੇ (ਜਿਵੇਂ ਕਿ ਸੀ ਪੀ ਪੀ ਦੇ ਕਾਨੂੰਨ ਵਿਚ ਦੱਸਿਆ ਗਿਆ ਹੈ) ਡਿਸਏਬਲ ਹੋਣ ਤੋਂ ਫੌਰਨ ਪਹਿਲਾਂ ਦੇ ਸਾਲਾਂ ਵਿਚ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਵਿਚ ਯੋਗਦਾਨ ਪਾਏ ਹੋਣਾ ਜ਼ਰੂਰੀ ਹੈ।

ਐੱਮ ਕਿਊ ਪੀ ਦਾ ਹਿਸਾਬ ਤਾਜ਼ਾ ਸਾਲਾਂ ਦੀ ਗਿਣਤੀ ਕਰਕੇ ਲਾਇਆ ਜਾਂਦਾ ਹੈ ਜਿਨ੍ਹਾਂ ਵਿਚ ਤੁਸੀਂ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ। ਸੀ ਪੀ ਪੀ–ਡੀ ਲਈ ਯੋਗ ਹੋਣ ਲਈ, ਤੁਹਾਡੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਤੁਸੀਂ ਆਪਣੇ ਐੱਮ ਕਿਊ ਪੀ ਦੇ ਅੰਤ 'ਤੇ ਡਿਸਏਬਲ ਹੋਏ ਸੀ। ਕਿਸੇ ਵਿਅਕਤੀ ਦੇ ਐੱਮ ਕਿਊ ਪੀ ਦਾ ਅੰਤ ਆਮ ਤੌਰ 'ਤੇ ਉਸ ਦੇ ਯੋਗ ਹੋਣ ਦੇ ਆਖਰੀ ਸਾਲ ਦੀ 31 ਦਸੰਬਰ ਹੁੰਦਾ ਹੈ।

ਜੇ ਤੁਸੀਂ ਸਿਰਫ ਚਾਰ ਸਾਲ ਕੰਮ ਕੀਤਾ ਹੈ ਤਾਂ ਸੀ ਪੀ ਪੀ–ਡੀ ਦੇ ਯੋਗ ਹੋਣ ਲਈ ਇਨ੍ਹਾਂ ਚਾਰ ਸਾਲਾਂ ਦੇ **ਹਰ** ਸਾਲ ਵਿਚ ਤੁਹਾਡੇ ਲਈ ਸੀ ਪੀ ਪੀ ਵਿਚ ਵਾਜਬ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ।

ਜੇ ਤੁਸੀਂ ਚਾਰ ਨਾਲੋਂ ਜ਼ਿਆਦਾ ਸਾਲ ਕੰਮ ਕੀਤਾ ਹੈ ਤਾਂ ਫਿਰ ਬਹੁਤੇ ਕੇਸਾਂ ਵਿਚ ਤੁਹਾਡੇ ਲਈ ਡਿਸਏਬਲ ਹੋਣ ਤੋਂ ਪਹਿਲਾਂ ਘੱਟੋ ਘੱਟ **ਪਿਛਲੇ ਛੇ ਸਾਲਾਂ ਵਿੱਚੋਂ ਚਾਰ ਸਾਲ** ਸੀ ਪੀ ਪੀ ਲਈ ਵਾਜਬ ਯੋਗਦਾਨ ਪਾਇਆ ਹੋਣਾ ਜ਼ਰੂਰੀ ਹੈ। ਇਸ ਨੂੰ ''ਛੇ ਸਾਲਾਂ ਵਿੱਚੋਂ ਚਾਰ ਸਾਲ ਦੇ ਨਿਯਮ'' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਹ ਉਸ ਹਰ ਇਕ 'ਤੇ ਲਾਗੂ ਹੁੰਦਾ ਹੈ ਜੋ **1 ਜਨਵਰੀ, 1998 ਨੂੰ ਜਾਂ ਇਸ ਤੋਂ ਬਾਅਦ** ਡਿਸਏਬਲ ਹੋਇਆ ਹੈ।

ਪਰ ਜੇ ਈ ਐੱਸ ਡੀ ਸੀ ਇਹ ਫੈਸਲਾ ਕਰਦੀ ਹੈ ਕਿ ਤੁਸੀਂ **1 ਜਨਵਰੀ, 1987 ਅਤੇ 31 ਦਸੰਬਰ, 1998** ਵਿਚਕਾਰ ਪਹਿਲਾਂ ਡਿਸਏਬਲ ਹੋਏ ਸੀ ਤਾਂ ਨਿਯਮ ਵੱਖਰੇ ਹਨ। ਤੁਹਾਡੇ ਲਈ ਇਸ ਤਰ੍ਹਾਂ ਕੰਮ ਕੀਤੇ ਹੋਣਾ ਅਤੇ ਸੀ ਪੀ ਪੀ ਵਿਚ ਯੋਗਦਾਨ ਪਾਏ ਹੋਣਾ ਜ਼ਰੂਰੀ ਹੈ:

- ਤੁਹਾਡੇ ਡਿਸਏਬਲ ਹੋਣ ਤੋਂ ਪਹਿਲਾਂ ਦੇ **ਤਿੰਨ ਸਾਲਾਂ ਵਿੱਚੋਂ ਦੋ ਸਾਲ**, ਜਾਂ
- ਤੁਹਾਡੇ ਡਿਸਏਬਲ ਹੋਣ ਤੋਂ ਪਹਿਲਾਂ ਦੇ **ਦਸ ਸਾਲਾਂ ਵਿੱਚੋਂ ਪੰਜ ਸਾਲ।**

ਅੰਤ ਵਿਚ, ਜੇ ਤੁਸੀਂ 29 ਫਰਵਰੀ, 2008 ਤੋਂ ਬਾਅਦ ਸੀ ਪੀ ਪੀ–ਡੀ ਲਈ ਅਪਲਾਈ ਕਰ ਰਹੇ ਹੋ, ਅਤੇ ਜੇ ਤੁਸੀਂ **25 ਸਾਲ ਜਾਂ ਜ਼ਿਆਦਾ ਸਮੇਂ** ਲਈ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ ਤਾਂ ਫਿਰ ਤੁਹਾਡੇ ਲਈ ਪਿਛਲੇ ਛੇ ਸਾਲਾਂ ਵਿੱਚੋਂ ਚਾਰ ਸਾਲ ਯੋਗਦਾਨ ਪਾਇਆ ਹੋਣਾ ਜ਼ਰੂਰੀ ਨਹੀਂ ਹੈ। ਤੁਸੀਂ ਯੋਗ ਹੋ ਸਕਦੇ ਹੋ ਜੇ ਤੁਸੀਂ **ਡਿਸਏਬਲ ਹੋਣ ਤੋਂ ਪਹਿਲਾਂ ਦੇ ਛੇ ਸਾਲਾਂ ਵਿੱਚੋਂ ਤਿੰਨ ਸਾਲ ਕੰਮ ਕੀਤਾ ਹੈ** ਅਤੇ ਸੀ ਪੀ ਪੀ ਵਿਚ ਯੋਗਦਾਨ ਪਾਇਆ ਹੈ। (ਨੋਟ: ਈ ਐੱਸ ਡੀ ਸੀ ਇਸ ਵੇਲੇ ਇਸ ਨਿਯਮ ਦੀ ਵਰਤੋਂ ਉਨ੍ਹਾਂ ਲੋਕਾਂ ਤੱਕ ਸੀਮਤ ਕਰ ਰਹੀ ਹੈ ਜਿਹੜੇ 1 ਦਸੰਬਰ, 2006 ਨੂੰ ਜਾਂ ਇਸ ਤੋਂ ਬਾਅਦ ਡਿਸਏਬਲ ਹੋਏ ਹਨ, ਪਰ ਇਸ ਗੱਲ ਲਈ ਚੰਗੀ ਦਲੀਲ ਹੈ ਕਿ ਨਿਯਮ ਉਸ ਹਰ ਇਕ 'ਤੇ ਲਾਗੂ ਹੋਣਾ ਚਾਹੀਦਾ ਹੈ ਜਿਹੜਾ 29 ਫਰਵਰੀ, 2008 ਤੋਂ ਬਾਅਦ ਅਪਲਾਈ ਕਰਦਾ ਹੈ, ਭਾਵੇਂ ਉਹ ਕਦੋਂ ਵੀ ਡਿਸਏਬਲ ਹੋਇਆ ਹੋਵੇ।)

ਖਾਸ ਧਰਾਵਾਂ

ਕੁਝ ਹਾਲਤਾਂ ਵਿਚ, ਤੁਸੀਂ ਸੀ ਪੀ ਪੀ–ਡੀ ਲਈ ਯੋਗ ਹੋ ਸਕਦੇ ਹੋ, ਭਾਵੇਂ ਤੁਹਾਡੇ ਯੋਗਦਾਨ ਆਮ ਸ਼ਰਤਾਂ ਨਾ ਵੀ ਪੂਰੀਆਂ ਕਰਦੇ ਹੋਣ। ਜੇ ਤੁਹਾਡੇ ਕੋਲ ਲੋੜੀਂਦੇ ਯੋਗਦਾਨ ਨਹੀਂ ਹਨ ਤਾਂ ਦੁਬਾਰਾ ਵਿਚਾਰ ਲਈ ਆਪਣੀ ਬੇਨਤੀ ਤਿਆਰ ਕਰਨ ਲਈ ਤੁਹਾਨੂੰ ਇਨ੍ਹਾਂ ਸ਼ਰਤਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਲੇਟ ਅਰਜ਼ੀਕਰਤਾ ਦੀ ਵਿਵਸਥਾ

ਇਹ ਉਨ੍ਹਾਂ ਲੋਕਾਂ ਲਈ ਵਰਤੀ ਜਾ ਸਕਦੀ ਹੈ ਜਿਨ੍ਹਾਂ ਨੇ ਸੀ ਪੀ ਪੀ–ਡੀ ਲਈ ਡਿਸਏਬਲ ਹੋਣ ਤੋਂ ਬਾਅਦ ਛੇਤੀ ਤੋਂ ਛੇਤੀ ਅਪਲਾਈ ਨਹੀਂ ਕੀਤਾ। ਜਦੋਂ ਲੋਕ ਅਪਲਾਈ ਕਰਨ ਲਈ ਬਹੁਤ ਜ਼ਿਆਦਾ ਸਮਾਂ ਉਡੀਕ ਕਰਦੇ ਹਨ ਤਾਂ ਛੇ ਸਾਲਾਂ ਵਿੱਚੋਂ ਚਾਰ ਸਾਲ ਦੇ ਨਿਯਮ ਦਾ ਮਤਲਬ ਇਹ ਹੋ ਸਕਦਾ ਹੈ ਕਿ ਉਹ ਬੈਨੇਫਿਟਸ ਲਈ ਅਯੋਗ ਹਨ।

ਜਦੋਂ ਸੀ ਪੀ ਪੀ–ਡੀ ਲਈ ਅਪਲਾਈ ਕਰਨ ਵਾਲੇ ਕਿਸੇ ਵਿਅਕਤੀ ਨੇ ਸੀ ਪੀ ਪੀ ਵਿਚ ਯੋਗਦਾਨ ਦੀਆਂ ਮੌਜੂਦਾ ਸ਼ਰਤਾਂ ਹੇਠ ਕਾਫੀ ਹਿੱਸਾ ਨਹੀਂ ਪਾਇਆ ਹੁੰਦਾ ਤਾਂ ਈ ਐੱਸ ਡੀ ਸੀ ਇਹ ਪਤਾ ਲਾਉਣ ਲਈ ਆਪਣੇ ਆਪ ਹੀ ਉਸ ਵਲੋਂ ਪਾਏ ਗਏ ਯੋਗਦਾਨ ਦੇਖਦੀ ਹੈ ਕਿ ਉਸ ਨੇ ਬੈਨੇਫਿਟਸ ਲਈ ਯੋਗ ਹੋਣ ਵਾਸਤੇ ਸੀ ਪੀ ਪੀ ਵਿਚ ਪਿਛਲੀ ਵਾਰੀ ਕਦੋਂ ਕਾਫੀ ਹਿੱਸਾ ਪਾਇਆ ਸੀ। ਉਦਾਹਰਣ ਲਈ, ਜੇ ਕਿਸੇ ਨੇ 1987 ਅਤੇ 1997 ਦੇ ਵਿਚਕਾਰ ਲੋੜੀਂਦਾ ਯੋਗਦਾਨ ਪਾਇਆ ਹੈ (ਪਰ ਉਸ ਤਾਰੀਕ ਤੋਂ ਬਾਅਦ ਨਹੀਂ) ਤਾਂ ਜਿਹੜੇ ਨਿਯਮ ਉਸ ਉੱਪਰ ਲਾਗੂ ਹੋਣਗੇ, ਉਹ ਅਜਿਹੇ ਹੋਣਗੇ ਜਿਹੜੇ 1987 ਅਤੇ 1997 ਦੇ ਵਿਚਕਾਰ ਲਾਗੂ ਸਨ।

ਲੇਟ ਅਰਜ਼ੀਕਰਤਾ ਦੀ ਵਿਵਸਥਾ ਹੇਠ, ਅਰਜ਼ੀਕਰਤਾ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਉਹ ਐੱਮ ਕਿਊ ਪੀ ਦੀ ਤਾਰੀਕ ਤੱਕ ਡਿਸਏਬਲ ਸੀ ਅਤੇ ਉਸ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਡਿਸਏਬਿਲਟੀ ਉਸ ਤਾਰੀਕ ਤੋਂ ਲੈ ਕੇ ਅੱਜ ਦੇ ਦਿਨ ਤੱਕ ਜਾਰੀ ਰਹੀ ਹੈ।

ਬੱਚੇ ਦੇ ਪਾਲਣ ਲਈ ਕੰਮ ਛੱਡਣ ਦੀ ਵਿਵਸਥਾ

ਜਿਹੜੇ ਮਾਪਿਆਂ/ਗਾਰਡੀਅਨਾਂ ਨੇ ਸੱਤ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਾਲਣ ਲਈ ਕੰਮ ਛੱਡਿਆ ਹੈ ਅਤੇ ਫੈਮਿਲੀ ਅਲਾਊਂਸ ਜਾਂ ਚਾਇਲਡ ਟੈਕਸ ਕਰੈਡਿਟ ਲਿਆ ਹੈ, ਉਹ ਇਸ ਵਿਵਸਥਾ ਲਈ ਅਪਲਾਈ ਕਰ ਸਕਦੇ ਹਨ। ਜਿਨ੍ਹਾਂ ਸਾਲਾਂ ਵਿਚ ਮਾਪੇ ਦੀ ਬਹੁਤ ਘੱਟ ਜਾਂ ਕੋਈ ਕਮਾਈ ਨਹੀਂ ਹੁੰਦੀ, ਉਨ੍ਹਾਂ ਸਾਲਾਂ ਨੂੰ ਛੇ ਸਾਲਾਂ ਵਿੱਚੋਂ ਚਾਰ ਸਾਲਾਂ ਦੇ ਨਿਯਮ ਦੇ ਹਿਸਾਬ ਵਿੱਚੋਂ ਬਾਹਰ ਰੱਖਿਆ ਜਾ ਸਕਦਾ ਹੈ। ਭਾਵੇਂ ਕਿ ਤੁਹਾਨੂੰ ਅਜੇ ਵੀ ਚਾਰ ਸਾਲਾਂ ਦੇ ਵਾਜਬ ਯੋਗਦਾਨ ਦੀ ਲੋੜ ਪਵੇਗੀ, ਇਹ ਵਿਵਸਥਾ ਉਹ ਸਮਾਂ ਵਧਾਉਂਦੀ ਹੈ ਜਿਸ ਸਮੇਂ ਦੌਰਾਨ ਇਹ ਯੋਗਦਾਨ ਪਾਏ ਜਾ ਸਕਦੇ ਹਨ।

ਅਸਮਰੱਥਾ ਦੀ ਵਿਵਸਥਾ

ਜਦੋਂ ਤੁਸੀਂ ਆਪਣੀ ਸਰੀਰਕ ਜਾਂ ਮਾਨਸਿਕ ਹਾਲਤ ਦੀ ਤੀਖਣਤਾ ਕਾਰਨ ਸੀ ਪੀ ਪੀ–ਡੀ ਬੈਨੇਫਿਟਸ ਲਈ ਅਪਲਾਈ ਕਰਨ ਦੇ ਅਯੋਗ ਹੁੰਦੇ ਹੋ ਤਾਂ ਇਹ ਵਿਵਸਥਾ ਤੁਹਾਨੂੰ ਕਿਸੇ ਬਾਅਦ ਦੀ ਤਾਰੀਕ ਨੂੰ ਅਪਲਾਈ ਕਰਨ ਦੀ ਆਗਿਆ ਦਿੰਦੀ ਹੈ। ਇਹ ਟੈੱਸਟ ਪੂਰਾ ਕਰਨ ਲਈ ਤੁਹਾਡੇ ਵਾਸਤੇ ਅਜਿਹੇ ਮੈਡੀਕਲ ਪੇਪਰ ਦੇਣਾ ਜ਼ਰੂਰੀ ਹੈ ਜਿਹੜੇ ਇਹ ਪੁਸ਼ਟੀ ਕਰਦੇ ਹੋਣ ਕਿ ਤੁਹਾਡੇ ਕੋਲ ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ (ਭੱਤਿਆਂ) ਲਈ ਅਪਲਾਈ ਕਰਨ ਦਾ ਇਰਾਦਾ ਬਣਾਉਣ ਜਾਂ ਆਪਣੀ ਤਰਫੋਂ ਕਿਸੇ ਨੂੰ ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਲਈ ਅਪਲਾਈ ਕਰਨ ਨੂੰ ਕਹਿਣ ਦੀ ਸਮਰੱਥਾ ਨਹੀਂ ਸੀ। ਤੁਹਾਡੇ ਲਈ ਅਜੇ ਵੀ ਐੱਮ ਕਿਊ ਪੀ ਦੀਆਂ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ, ਪਰ ਤੁਹਾਨੂੰ ਪਿੱਛੇ ਤੋਂ ਜ਼ਿਆਦਾ ਬੈਨੇਫਿਟਸ ਮਿਲ ਸਕਦੇ ਹਨ ਜੇ ਇਸ ਵਿਵਸਥਾ ਅਤੇ ਤੁਹਾਡੀ ਅਪੀਲ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ।

ਯੋਗਦਾਨਾਂ ਨਾਲ ਸੰਬੰਧਿਤ ਹੋਰ ਮੁੱਦੇ

- ਜੇ ਤੁਸੀਂ ਕਿਊਬੈਕ ਵਿਚ ਕੰਮ ਕੀਤਾ ਹੈ ਤਾਂ ਤੁਹਾਡੇ ਕਿਊਬੈਕ ਪੈਨਸ਼ਨ ਪਲੈਨ ਲਈ ਯੋਗਦਾਨ ਤੁਹਾਡੇ ਸੀ ਪੀ ਪੀ ਯੋਗਦਾਨਾਂ ਨਾਲ ਇਕੱਠੇ ਕੀਤੇ ਜਾ ਸਕਦੇ ਹਨ।
- ਜੇ ਤੁਸੀਂ ਅਜਿਹੇ ਕਿਸੇ ਹੋਰ ਦੇਸ਼ ਵਿਚ ਕੰਮ ਕੀਤਾ ਹੈ ਜਿਸ ਦਾ ਕੈਨੇਡਾ ਨਾਲ ਸੋਸ਼ਲ ਸਕਿਉਰਟੀ ਐਗਰੀਮੈਂਟ ਹੈ ਤਾਂ ਉਸ ਦੇਸ਼ ਦੇ ਸੋਸ਼ਲ ਸਕਿਉਰਟੀ ਪ੍ਰੋਗਰਾਮ ਵਿਚ ਪਾਏ ਗਏ ਯੋਗਦਾਨ ਸੀ ਪੀ ਪੀ ਵਿਚ ਯੋਗਦਾਨ ਦੀ ਸ਼ਰਤ ਪੂਰੀ ਕਰਨ ਵਿਚ ਆਪਣੀ ਮਦਦ ਕਰਨ ਲਈ ਵਰਤੇ ਜਾ ਸਕਦੇ ਹਨ।
- ਜੇ ਤੁਸੀਂ ਅਲੱਗ ਜਾਂ ਤਲਾਕਸ਼ੁਦਾ ਹੋ (ਸਮੇਤ ਕੌਮਨ ਲਾਅ ਸੰਬੰਧਾਂ ਦੇ) ਅਤੇ ਪਲੈਨ ਵਿਚ ਆਪਣੇ ਪਿਛਲੇ ਪਾਰਟਨਰ/ਸਪਾਉਸ ਨਾਲੋਂ ਘੱਟ ਯੋਗਦਾਨ ਪਾਇਆ ਹੈ ਤਾਂ ਤੁਸੀਂ ਉਸ ਸਮੇਂ ਦੌਰਾਨ ਦੇ ਆਪਣੇ ਸਾਬਕਾ ਪਾਰਟਨਰ ਦੇ ਸੀ ਪੀ ਪੀ ਯੋਗਦਾਨਾਂ ਦਾ ਹਿੱਸਾ ਕਲੇਮ ਕਰ ਸਕਦੇ ਹੋ ਜਦੋਂ ਤੁਸੀਂ ਇਕੱਠੇ ਰਹਿੰਦੇ ਸੀ। ਇਸ ਨੂੰ "ਕਰੈਡਿਟ ਸਪਲਿਟਿੰਗ" ਆਖਿਆ ਜਾਂਦਾ ਹੈ ਅਤੇ ਇਹ ਯੋਗਦਾਨ ਜਾਂ ਕਰੈਡਿਟ ਤੁਹਾਨੂੰ ਸੀ ਪੀ ਪੀ–ਡੀ ਲਈ ਯੋਗ ਬਣਾਉਣ ਵਿਚ ਮਦਦ ਕਰ ਸਕਦੇ ਹਨ ਭਾਵੇਂ ਤੁਸੀਂ ਕੰਮ ਨਹੀਂ ਵੀ ਕੀਤਾ ਹੈ।

ਅੰਤਿਕਾ ਬੀ | ਡਿਸਏਬਿਲਟੀ ਦੀ ਸੀ ਪੀ ਪੀ ਦੇ ਕਾਨੂੰਨ ਵਿਚ ਪਰਿਭਾਸ਼ਾ

ਕੈਨੇਡਾ ਪੈਨਸ਼ਨ ਪਲੈਨ ਦਾ ਸੈਕਸ਼ਨ 42(2) ਡਿਸਏਬਿਲਟੀ ਦੀ ਪਰਿਭਾਸ਼ਾ ਦਿੰਦਾ ਹੈ। ਇਹ ਕਹਿੰਦਾ ਹੈ ਕਿ:

(ਏ) ਕਿਸੇ ਵਿਅਕਤੀ ਨੂੰ ਡਿਸਏਬਲ ਸਿਰਫ ਤਾਂ ਹੀ ਸਮਝਿਆ ਜਾਵੇਗਾ ਜੇ ਉਸ ਨੂੰ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ **ਸਖਤ** ਅਤੇ **ਲੰਮਾ ਸਮਾਂ** ਰਹਿਣ ਵਾਲੀ ਮਾਨਸਿਕ ਜਾਂ ਸਰੀਰਕ ਡਿਸਏਬਿਲਟੀ ਹੈ, ਅਤੇ ਇਸ ਪੈਰੇ ਦੇ ਮੰਤਵਾਂ ਲਈ,

i) ਕੋਈ ਡਿਸਏਬਿਲਟੀ **ਸਖਤ** ਸਿਰਫ ਤਾਂ ਹੀ ਹੈ ਜੇ ਉਸ ਵਿਅਕਤੀ ਦੇ ਸੰਬੰਧ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ **ਨੇਮ ਨਾਲ ਕੋਈ ਫਾਇਦੇਮੰਦ ਕਿੱਤਾ ਲੱਭਣ ਦੇ ਅਯੋਗ ਹੈ**, ਅਤੇ

ii) ਕੋਈ ਡਿਸਏਬਿਲਟੀ **ਲੰਮਾ ਸਮਾਂ** ਰਹਿਣ ਵਾਲੀ ਸਿਰਫ ਤਾਂ ਹੀ ਹੈ ਜੇ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ ਇਹ ਫੈਸਲਾ ਕੀਤਾ ਗਿਆ ਹੈ ਕਿ ਡਿਸਏਬਿਲਟੀ ਦੇ **ਲੰਮਾ ਸਮਾਂ ਜਾਰੀ** ਅਤੇ **ਅਨਿਸ਼ਚਤ ਮਿਆਦ** ਲਈ ਜਾਰੀ ਰਹਿਣ ਜਾਂ ਇਸ ਦਾ ਨਤੀਜਾ ਮੌਤ ਵਿਚ ਨਿਕਲਣ ਦੀ ਸੰਭਾਵਨਾ ਹੈ; ਅਤੇ

(ਬੀ) ਕਿਸੇ ਵਿਅਕਤੀ ਨੂੰ ਨਿਸ਼ਚਿਤ ਕੀਤੇ ਗਏ ਤਰੀਕੇ ਮੁਤਾਬਕ ਉਸ ਸਮੇਂ ਡਿਸਏਬਲ ਹੋਇਆ ਜਾਂ ਡਿਸਏਬਲ ਹੋਣਾ ਬੰਦ ਹੋਇਆ ਸਮਝਿਆ ਜਾਵੇਗਾ ਜਦੋਂ ਉਹ ਡਿਸਏਬਲ ਹੋਇਆ ਸੀ ਜਾਂ ਡਿਸਏਬਲ ਹੋਣਾ ਬੰਦ ਹੋਇਆ ਸੀ, ਜਿਵੇਂ ਕਿ ਡਿਸਏਬਲਡ ਦਾ ਕੇਸ ਹੋ ਸਕਦਾ ਹੈ, ਪਰ ਕਿਸੇ ਵੀ ਕੇਸ ਵਿਚ ਕਿਸੇ ਵਿਅਕਤੀ ਨੂੰ ਐਪਲੀਕੇਸ਼ਨ ਕਰਨ ਤੋਂ ਪਹਿਲਾਂ ਦੇ ਪੰਦਰਾਂ ਮਹੀਨਿਆਂ ਨਾਲੋਂ ਪਹਿਲਾਂ ਡਿਸਏਬਲ ਨਹੀਂ ਸਮਝਿਆ ਜਾਵੇਗਾ ਜਿਸ ਦੇ ਸੰਬੰਧ ਵਿਚ ਫੈਸਲਾ ਕੀਤਾ ਗਿਆ ਹੈ।

(R.S.C. 1985, c.30 (2nd Supp.), s. 2(2)

ਅੰਤਿਕਾ ਸੀ | ਸੰਪਰਕ ਅਤੇ ਵਸੀਲੇ

ਇਮਪਲੌਏਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ) – ਸਰਵਿਸ ਕੈਨੇਡਾ

ਐਪਲੀਕੇਸ਼ਨਾਂ ਅਤੇ ਦੁਬਾਰਾ ਵਿਚਾਰ ਵਾਸਤੇ ਬੇਨਤੀਆਂ ਲਈ

ਸਰਵਿਸ ਕੈਨੇਡਾ ਦਾ ਡਾਕ ਲਈ ਐਡਰੈਸ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜੇ ਸੂਬੇ ਜਾਂ ਟੈਰੀਟਰੀ ਵਿਚ ਰਹਿੰਦੇ ਹੋ। ਇਹ ਪਤਾ ਲਾਉਣ ਲਈ ਸਰਵਿਸ ਕੈਨੇਡਾ ਨਾਲ ਫੋਨ ਰਾਹੀਂ ਸੰਪਰਕ ਕਰੋ ਕਿ ਤੁਹਾਨੂੰ ਡਾਕ ਲਈ ਕਿਹੜਾ ਐਡਰੈਸ ਵਰਤਣਾ ਚਾਹੀਦਾ ਹੈ। ਬੀ ਸੀ ਦੇ ਵਸਨੀਕਾਂ ਲਈ, ਸੰਪਰਕ ਕਰਨ ਲਈ ਜਾਣਕਾਰੀ ਇਹ ਹੈ:

PO Box 1177 Victoria,

BC V8W 2V2

ਫੋਨ: 1-800-277-9914 (ਅੰਗਰੇਜ਼ੀ)

ਫੋਨ: 1-800-277-9915 (ਫਰੈਂਚ)

ਟੀ ਟੀ ਵਾਈ: 1-800-255-4786

ਵੈੱਬਸਾਈਟ: https://www.canada.ca/en/employment-social-development/corporate/portfolio/service-canada.html

ਸੋਸ਼ਲ ਸਕਿਉਰਟੀ ਟ੍ਰਿਬਿਊਨਲ

PO Box 9812
Station T CSC
Ottawa, ON
K1G 6S3

ਕੈਨੇਡਾ ਅਤੇ ਯੂ ਐੱਸ ਵਿਚ ਟੋਲ ਫ੍ਰੀ: 1-877-227-8577

ਕੈਨੇਡਾ ਅਤੇ ਯੂ ਐੱਸ ਤੋਂ ਬਾਹਰ ਤੋਂ ਕੋਲੈਕਟ ਕਾਲ ਕਰੋ: 1-613-437-1640

ਟੀ ਟੀ ਵਾਈ: 1-866-873-8381

ਫੈਕਸ: 1-855-814-4117 (ਕੈਨੇਡਾ ਵਿਚ ਟੋਲ ਫ੍ਰੀ)

ਈਮੇਲ: info.sst-tss@canada.gc.ca

ਵੈੱਬਸਾਈਟ: http://www1.canada.ca/en/sst/

ਅੰਤਿਕਾ ਡੀ | ਆਪਣੇ ਡਾਕਟਰ (ਡਾਕਟਰਾਂ) ਨੂੰ ਚਿੱਠੀ

ਤਾਰੀਕ
ਨਾਂ
ਵਾਪਸੀ ਐਡਰੈਸ

ਪਿਆਰੇ ਡਾਕਟਰ _____:

ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਬੈਨੇਫਿਟਸ ਲਈ ਮੇਰੀ ਐਪਲੀਕੇਸ਼ਨ ਹੁਣੇ ਹੁਣੇ ਰੱਦ ਕਰ ਦਿੱਤੀ ਗਈ ਹੈ, ਅਤੇ ਮੈਂ ਤੁਹਾਨੂੰ ਇਹ ਚਿੱਠੀ ਆਪਣੀ ਦੁਬਾਰਾ ਵਿਚਾਰ ਲਈ ਬੇਨਤੀ ਵਿਚ ਮਦਦ ਕਰਨ ਲਈ ਲਿਖ ਰਿਹਾ/ਰਹੀ ਹਾਂ।

ਸੀ ਪੀ ਪੀ ਡਿਸਏਬਿਲਟੀ ਬੈਨੇਫਿਟਸ ਦੇ ਯੋਗ ਹੋਣ ਲਈ, ਮੇਰੇ ਲਈ ਇਹ ਦਿਖਾਉਣ ਲਈ ਮੈਡੀਕਲ ਸਬੂਤ ਪ੍ਰਦਾਨ ਕਰਨਾ ਜ਼ਰੂਰੀ ਹੈ ਕਿ:

- ਆਪਣੀ ਐੱਮ ਕਿਊ ਪੀ ਦੀ ਤਰੀਕ (_____)* ਤੋਂ ਲੈ ਕੇ ਮੇਰੀ ਡਿਸਏਬਿਲਟੀਜ਼ ਨੇ ਮੈਨੂੰ ਕਿਸੇ ਵੀ ਕੰਮ ਵਿਚ (ਸਿਰਫ ਮੇਰੇ ਪਿਛਲੇ ਕੰਮ ਵਿਚ ਹੀ ਨਹੀਂ) ''ਕਾਫੀ ਲਾਭਦਾਇਕ'' ਰੁਜ਼ਗਾਰ ਕਾਇਮ ਰੱਖਣ ਤੋਂ ਰੋਕਿਆ ਹੈ; ਅਤੇ ਇਹ ਕਿ
- ਮੇਰੀ ਹਾਲਤ ਅਨੁਮਾਨ ਲਾਉਣ ਯੋਗ ਭਵਿੱਖ ਵਿਚ ਸੁਧਰਨ ਦੀ ਸੰਭਾਵਨਾ ਨਹੀਂ ਹੈ।

ਈ ਐੱਸ ਡੀ ਸੀ ਨੇ (_____)** ਦੇ ਆਧਾਰ 'ਤੇ ਬੈਨੇਫਿਟਸ ਲਈ ਮੇਰੀ ਐਪਲੀਕੇਸ਼ਨ ਰੱਦ ਕੀਤੀ ਹੈ।

ਇਹ ਮੁੱਖ ਪੋਆਇੰਟ ਹੈ ਜਿਸ ਬਾਰੇ ਆਪਣੀ ਦੁਬਾਰਾ ਵਿਚਾਰ ਲਈ ਬੇਨਤੀ ਵਿਚ ਮੈਨੂੰ ਦੱਸਣ ਦੀ ਲੋੜ ਹੈ।

ਜੇ ਤੁਸੀਂ ਚਿੱਠੀ ਦੇਣ ਦੇ ਖਾਹਸ਼ਮੰਦ ਹੋਵੋ ਤਾਂ ਕੀ ਤੁਸੀਂ ਕਿਰਪਾ ਕਰਕੇ ਇਸ ਪੋਆਇੰਟ ਬਾਰੇ ਗੱਲ ਕਰ ਸਕਦੇ ਹੋ, ਅਤੇ ਇਹ ਵੀ ਦੱਸੋ:

- ਮੈਂ ਕਿੰਨੇ ਚਿਰ ਤੋਂ ਤੁਹਾਡਾ/ਤੁਹਾਡੀ ਮਰੀਜ਼ ਹਾਂ;
- ਮੇਰੀਆਂ ਸਾਰੀਆਂ ਮੈਡੀਕਲ ਹਾਲਤਾਂ ਅਤੇ ਨਿਸ਼ਾਨੀਆਂ ਦੀ ਲਿਸਟ;
- ਮੇਰੇ ਵਿਗਾੜ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਸਰੀਰਕ ਸੀਮਾਵਾਂ ਦਾ ਵੇਰਵਾ;
- ਉਨ੍ਹਾਂ ਸਾਰੀਆਂ ਦਵਾਈਆਂ ਅਤੇ ਇਲਾਜਾਂ ਦੀ ਲਿਸਟ ਜਿਹੜੇ ਮੈਂ ਕਰਵਾ ਕੇ ਦੇਖੇ ਹਨ, ਅਤੇ ਇਹ ਸੰਕੇਤ ਕਿ ਕੀ ਇਨ੍ਹਾਂ ਨੇ ਮਦਦ ਕੀਤੀ ਹੈ ਜਾਂ ਨਹੀਂ ਕੀਤੀ ਹੈ;
- ਹਾਲਤ ਦਾ ਯਥਾਰਥਕ (ਆਸ਼ਾਵਾਦੀ ਦੀ ਬਜਾਏ) ਅਨੁਮਾਨ;
- ਇਹ ਰਾਇ ਕਿ ਮੇਰਾ ਵਿਗਾੜ ਕਿਵੇਂ ਮੈਨੂੰ ਨੇਮ ਨਾਲ ਫਾਇਦੇਮੰਦ ਰੁਜ਼ਗਾਰ ਲੱਭਣ ਅਤੇ ਕਾਇਮ ਰੱਖਣ ਤੋਂ ਲਗਾਤਾਰ ਰੋਕਦਾ ਹੈ; ਅਤੇ
- ਇਹ ਰਾਇ ਕਿ ਕੀ ਮੈਨੂੰ ਵਾਸਤਵਿਕ ਤੌਰ 'ਤੇ ਕੰਮ ਦੀਆਂ ਹੋਰ ਕਿਸਮਾਂ ਲਈ ਦੁਬਾਰਾ ਟਰੇਨਿੰਗ ਦਿੱਤੀ ਜਾ ਸਕਦੀ ਹੈ ਕਿ ਨਹੀਂ।
- ਕਿਰਪਾ ਕਰਕੇ ਮੇਰੀ ਫਾਇਲ ਵਿਚਲੀਆਂ ਕੋਈ ਵੀ ਉਹ ਰਿਪੋਰਟਾਂ ਵੀ ਦਿਉ ਜਿਹੜੀਆਂ ਤੁਹਾਡੇ ਖਿਆਲ ਮੁਤਾਬਕ ਸੀ ਪੀ ਪੀ–ਡੀ ਲਈ ਮੇਰੀ ਐਪਲੀਕੇਸ਼ਨ ਵਿਚ ਮਦਦ ਕਰ ਸਕਦੀਆਂ ਹਨ।

ਕਿਰਪਾ ਕਰਕੇ ਮੈਨੂੰ ਅਗਾਊਂ ਇਹ ਵੀ ਦੱਸ ਦੇਣਾ ਕਿ ਕੀ ਤੁਸੀਂ ਕੋਈ ਫੀਸ ਚਾਰਜ ਕਰੋਗੇ, ਅਤੇ ਜੇ ਕਰੋਗੇ ਤਾਂ ਇਹ ਕਿੰਨੀ ਹੋਵੇਗੀ। ਮੇਰੇ ਸੀਮਤ ਵਸੀਲੇ ਹਨ ਅਤੇ ਮੈਂ ਬਹੁਤ ਧੰਨਵਾਦੀ ਹੋਵਾਂਗਾ/ਹੋਵਾਂਗੀ ਜੇ ਤੁਸੀਂ ਚਿੱਠੀ ਘੱਟ ਰੇਟ 'ਤੇ ਦੇ ਸਕੋ।

ਮਦਦ ਕਰਨ ਲਈ ਤੁਹਾਡਾ ਅਗਾਊਂ ਧੰਨਵਾਦ।

ਤਹਿ ਦਿਲੋਂ,
[ਨਾਂ ਅਤੇ ਦਸਖਤ]

*ਮਿਨੀਮਮ ਕੁਆਲੀਫਾਇੰਗ ਪੀਰੀਅਡ ਦੀ ਤਾਰੀਕ ਆਮ ਤੌਰ 'ਤੇ ਤੁਹਾਡੀ ਐਪਲੀਕੇਸ਼ਨ ਨੂੰ ਨਾਂਹ ਵਾਲੀ ਚਿੱਠੀ ਵਿਚ ਦਿੱਤੀ ਜਾਂਦੀ ਹੈ।

**ਉਹ ਕਾਰਨ ਦਿਉ ਕਿ ਈ ਐੱਸ ਡੀ ਸੀ ਨੇ ਤੁਹਾਡੀ ਐਪਲੀਕੇਸ਼ਨ ਰੱਦ ਕਿਉਂ ਕੀਤੀ ਹੈ, ਜਿਵੇਂ ਕਿ ਨਾਂਹ ਦੀ ਚਿੱਠੀ ਵਿਚ ਦੱਸਿਆ ਗਿਆ ਹੈ।

ਅੰਤਿਕਾ ਈ | ਹਿਮਾਇਤ ਕਰਨ ਵਾਲੇ ਵਸੀਲੇ

ਡਿਸਏਬਿਲਟੀ ਅਲਾਇੰਸ ਬੀ ਸੀ
Advocacy Access Program
For CPP-D advocacy and information.
#1450 – 605 Robson St.
Vancouver, BC V6B 5J3
ਫੋਨ: 604-872-1278
ਟੋਲ–ਫ੍ਰੀ: 1-800-663-1278
ਵੈੱਬਸਾਈਟ: www.disabilityalliancebc.org

ਲੀਗਲ ਸਰਵਿਸਿਜ਼ ਸੁਸਾਇਟੀ ਔਫ ਬੀ ਸੀ
ਵੈੱਬਸਾਈਟ: https://www.lss.bc.ca/

ਸੁਸਾਇਟੀ ਫੈਮਿਲੀ ਲਾਅਲਾਈਨ ਵੀ ਚਲਾਉਂਦੀ ਹੈ।
ਫੋਨ: 604-408-2172 ਟੋਲ–ਫ੍ਰੀ: 1-866-577-2525

ਪੌਵਨੈੱਟ
ਹਿਮਾਇਤ ਲਈ ਜਾਣਕਾਰੀ ਦਾ ਵੈੱਬਸਾਈਟ ਅਤੇ ਕਮਿਉਨਟੀ ਦੇ ਵੱਖ ਵੱਖ ਮੁੱਦਿਆਂ ਬਾਰੇ ਤਾਜ਼ਾ ਜਾਣਕਾਰੀ।
ਵੈੱਬਸਾਈਟ: www.povnet.org

ਟਿੱਪਣੀਆਂ